
ਪ੍ਰਕਾਸ਼ਨ ਨੰ : 393

# ਜੀਵਨ ਗਾਥਾ
# ਸ੍ਰੀ ਗੁਰੂ ਹਰਿ ਰਾਇ ਜੀ

ਗੁਰਦੁਆਰਾ
ਸ਼ੀਸ਼ ਮਹਿਲ ਸਾਹਿਬ
ਕੀਰਤਪੁਰ ਸਾਹਿਬ



ਸਿੱਖ ਮਿਸ਼ਨਰੀ ਕਾਲਜ (ਰਜਿ:)
ਲੁਧਿਆਣਾ

ਰੁਪਏ 4

੧ੴ ਵਾਹਿਗੁਰੂ ਜੀ ਕੀ ਫਤਹਿ॥ ਪ੍ਰਕਾਸ਼ਨ ਨੰ: 393

# ਜੀਵਨ ਗਾਥਾ
# ਸ੍ਰੀ ਗੁਰੂ ਹਰਿ ਰਾਇ ਜੀ

ਲੇਖਕ
ਮੰਗਤ ਸਿੰਘ 'ਰਾਹੀ'

ਪ੍ਰਕਾਸ਼ਕ
ਸਿੱਖ ਮਿਸ਼ਨਰੀ ਕਾਲਜ (ਰਜਿ:)
ਲੁਧਿਆਣਾ।

# ਆਦਿ ਕਥਨ

ਗੁਰੂ ਨਾਨਕ ਦੇਵ ਜੀ ਦੀ ਉਚਾਰੀ ਹੋਈ ਬਾਣੀ 'ਸਿੱਖ ਵਿਚਾਰਧਾਰਾ' ਦਾ ਆਧਾਰ ਬਣੀ। ਗੁਰੂ ਨਾਨਕ ਦੇਵ ਜੀ ਨੇ ਆਪਣੀ ਬਾਣੀ ਦਾ ਪ੍ਰਚਾਰ ਦੇਸ਼-ਵਿਦੇਸ਼ ਵਿਚ ਕੀਤਾ; ਇਸ ਵਿਚਾਰਧਾਰਾ ਨੂੰ ਪ੍ਰਚਾਰਨ ਲਈ ਧਰਮੀ-ਜੀਊੜਿਆਂ ਦੀ ਸੇਵਾ ਲਾਈ ਗਈ। ਜਿਨ੍ਹਾਂ ਲੋਕਾਂ ਨੇ ਇਸ ਵਿਚਾਰਧਾਰਾ ਨੂੰ ਅਪਣਾਇਆ, ਉਨ੍ਹਾਂ ਨੂੰ ਸੰਗਤਾਂ ਦਾ ਰੂਪ ਦਿੱਤਾ ਗਿਆ।

ਗੁਰੂ ਨਾਨਕ ਦੇਵ ਜੀ ਦੇ ਵੇਲੇ ਦਾ ਭਾਰਤੀ ਸਮਾਜ ਅਨੇਕਾਂ ਤਰ੍ਹਾਂ ਦੇ ਧਾਰਮਿਕ ਅੰਧ-ਵਿਸ਼ਵਾਸਾਂ ਤੇ ਗ਼ਲਤ ਵਿਸ਼ਵਾਸਾਂ ਵਿਚ ਜਕੜਿਆ ਪਿਆ ਸੀ। ਪੁਜਾਰੀਆਂ ਨੇ ਆਪਣੀ ਉਦਰ ਪੂਰਤੀ ਲਈ ਅਨੇਕਾਂ ਕਰਮ-ਕਾਂਡ ਈਜਾਦ ਕੀਤੇ ਹੋਏ ਸਨ। ਸਮਾਜ ਜਾਤ-ਪਾਤ, ਛੂਤ-ਛਾਤ, ਰਿਸ਼ਵਤਖੋਰੀ, ਇਸਤਰੀ-ਜਾਤੀ ਨਾਲ ਦੁਰ-ਵਿਵਹਾਰ, ਡਰਪੋਕਪੁਣਾ, ਧਰਮ ਆਧਾਰਿਤ ਝਗੜਿਆਂ ਵਰਗੇ ਕੋਹੜਾਂ ਨਾਲ ਗ੍ਰਸਿਆ ਹੋਇਆ ਸੀ। ਕੁਝ ਸਦੀਆਂ ਤੋਂ ਵਿਦੇਸ਼ੀਆਂ ਦੇ ਰਾਜ ਨੇ ਲੋਕਾਂ ਨੂੰ ਸਰੀਰਕ ਤੇ ਮਾਨਸਿਕ ਤੌਰ 'ਤੇ ਗ਼ੁਲਾਮ ਬਣਾ ਲਿਆ ਸੀ। ਉਨ੍ਹਾਂ ਨੇ ਧਰਮ-ਅਸਥਾਨਾਂ, ਧਾਰਮਿਕ-ਚਿੰਨ੍ਹਾਂ, ਵਿਦਿਆ-ਕੇਂਦਰਾਂ ਨੂੰ ਬਾਰ-ਬਾਰ ਢਾਹਿਆ/ਮਿਟਾਇਆ। ਲੋਕ ਹਾਕਮਾਂ ਦੀ ਬੋਲੀ ਅਪਣਾ ਚੁੱਕੇ ਸਨ, ਕੱਪੜੇ ਵੀ ਹਾਕਮਾਂ ਨੂੰ ਖੁਸ਼ ਕਰਨ ਵਾਲੇ ਪਾਉਂਦੇ, ਅੰਦਰ ਵੜ ਕੇ ਪੂਜਾ ਕਰਦੇ ਤੇ ਬਾਹਰ ਹਾਕਮਾਂ ਦੇ ਧਰਮ-ਗ੍ਰੰਥਾਂ ਦੀ ਉਸਤਤਿ ਕਰਦੇ। ਉਨ੍ਹਾਂ ਦੇ ਖਾਣ-ਪੀਣ ਵਿਚ ਵੀ ਗ਼ੁਲਾਮੀ ਦਾ ਪ੍ਰਭਾਵ ਦੇਖਿਆ ਜਾ ਸਕਦਾ ਸੀ।

ਐਸੇ ਸਮਾਜ ਨੂੰ ਪੂਰਨ ਤੌਰ ਤੇ ਬਦਲਣ ਦੀ ਲੋੜ ਸੀ। ਇਸ ਲਈ ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ ਵਿਚ, ਜੀਵਨ ਦੇ ਸਭ ਖੇਤਰਾਂ—ਅਧਿਆਤਮਿਕ, ਸਮਾਜਿਕ, ਆਰਥਕ ਤੇ ਰਾਜਨੀਤਿਕ ਆਦਿ—ਵਿਚ ਸਪੱਸ਼ਟ ਸੇਧ ਦਿੱਤੀ। ਇਸ ਤਰ੍ਹਾਂ ਮਨੁੱਖੀ ਸਮਾਜ ਨੂੰ ਪੂਰੀ ਤਰ੍ਹਾਂ ਬਦਲਣ ਲਈ 'ਸੰਪੂਰਨ ਕ੍ਰਾਂਤੀ ਦੀ ਲਹਿਰ' (ਸਿੱਖ ਲਹਿਰ) ਹੋਂਦ ਵਿਚ ਆਈ।

ਗੁਰੂ ਅੰਗਦ ਦੇਵ ਜੀ ਨੇ ਨਵੇਂ ਪ੍ਰਚਾਰ ਕੇਂਦਰ ਸਥਾਪਿਤ ਕੀਤੇ, ਗੁਰਮੁਖੀ ਲਿਪੀ ਵਿਚ ਸੁਧਾਰ ਕਰਕੇ ਪੰਜਾਬੀ ਭਾਸ਼ਾ ਦਾ ਪ੍ਰਚਾਰ ਕੀਤਾ, ਇਤਿਹਾਸ ਲਿਖਵਾਇਆ। ਮੱਲ-ਅਖਾੜੇ ਕਾਇਮ ਕਰਕੇ ਸਿੱਖਾਂ ਨੂੰ ਮਜ਼ਬੂਤ ਸਰੀਰਾਂ ਵਾਲੇ ਬਣਨ ਦੀ ਪ੍ਰੇਰਨਾ ਦਿੱਤੀ।

ਗੁਰੂ ਅਮਰਦਾਸ ਜੀ ਨੇ 'ਮੰਜੀਆਂ' ਅਤੇ 'ਪੀਹੜੇ' ਸਥਾਪਿਤ ਕਰਕੇ ਸਿੱਖੀ ਪ੍ਰਚਾਰ ਦਾ ਪੱਕਾ ਪ੍ਰਬੰਧ ਕੀਤਾ, ਜੋ ਸਿੱਖ ਸੰਗਤਾਂ ਦੇ ਗੁਰੂ-ਘਰ ਨਾਲ ਸੰਪਰਕ ਦਾ ਸਾਧਨ ਵੀ ਬਣੇ।

ਗੁਰੂ ਰਾਮਦਾਸ ਜੀ ਨੇ ਸਿੱਖ ਆਰਥਿਕਤਾ ਨੂੰ ਮਜ਼ਬੂਤ ਕਰਨ ਲਈ 'ਮਸੰਦ ਪ੍ਰਥਾ' ਜਾਰੀ ਕੀਤੀ। ਸਿੱਖਾਂ ਦੇ ਕੇਂਦਰੀ ਸ਼ਹਿਰ 'ਸ੍ਰੀ ਅੰਮ੍ਰਿਤਸਰ' ਦੀ ਸਥਾਪਨਾ ਕੀਤੀ ਤੇ ਉਸਾਰੀ ਆਰੰਭ ਕਰਵਾਈ। ਗੁਰੂ ਅਰਜਨ ਦੇਵ ਜੀ ਨੇ ਸਿੱਖ ਕੌਮ ਨੂੰ ਕੇਂਦਰੀ ਧਰਮ-ਅਸਥਾਨ (ਸ੍ਰੀ ਦਰਬਾਰ ਸਾਹਿਬ) ਤੇ ਧਰਮ ਗ੍ਰੰਥ (ਸ੍ਰੀ ਗੁਰੂ ਗ੍ਰੰਥ ਸਾਹਿਬ) ਦੀ ਦੇਣ ਦਿੱਤੀ। ਤਰਨ ਤਾਰਨ, ਕਰਤਾਰਪੁਰ (ਜਲੰਧਰ) ਆਦਿ ਨਵੇਂ ਪ੍ਰਚਾਰ ਕੇਂਦਰ ਤੇ ਸਿੱਖ ਪ੍ਰਭਾਵੀ ਨਗਰ ਵਸਾਏ।

ਪਹਿਲੇ ਪੰਜ ਸਤਿਗੁਰਾਂ ਦੇ ਅਣਥੱਕ ਯਤਨਾਂ ਕਰਕੇ, ਗੁਰੂ ਅਰਜਨ ਦੇਵ ਜੀ ਦੇ ਸਮੇਂ ਤੱਕ, ਸਿੱਖ ਲਹਿਰ ਆਪਣੇ ਜੋਬਨ ਤੱਕ ਪਹੁੰਚ ਗਈ। ਪੰਜਾਬ ਤੋਂ ਇਲਾਵਾ ਦੇਸ਼ ਦੇ ਹਰੇਕ

ਕੋਨੇ ਵਿਚ ਸਿੱਖ ਬਹੁਤੀ ਜਾਂ ਥੋੜ੍ਹੀ ਗਿਣਤੀ ਵਿਚ ਹਰ ਥਾਂ ਵੱਸਦੇ ਸਨ। ਜਹਾਂਗੀਰ ਦੀ ਸਵੈ-ਜੀਵਨੀ 'ਤੁਜ਼ਕ-ਇ-ਜਹਾਂਗੀਰੀ' ਮੁਤਾਬਿਕ ਅਨੇਕਾਂ ਹਿੰਦੂ ਤੇ ਕਈ ਮੁਸਲਮਾਨ ਵੀ ਸਿੱਖੀ ਵਿਚ ਸ਼ਾਮਿਲ ਹੋ ਗਏ ਸਨ। ਇੰਜ ਲੱਗਣ ਲੱਗ ਪਿਆ ਸੀ ਕਿ ਸਿੱਖ ਲਹਿਰ ਰਾਜਨੀਤਿਕ ਰੂਪ ਵੀ ਧਾਰਨ ਕਰ ਸਕਦੀ ਹੈ, ਜੋ ਕਿ ਵੇਲੇ ਦੀ ਹਕੂਮਤ ਨੂੰ ਕਿਸੇ ਹਾਲਤ ਵਿਚ ਵੀ ਮਨਜ਼ੂਰ ਨਹੀਂ ਸੀ। ਇਸੇ ਡਰ ਕਾਰਨ ਹੀ ਜਹਾਂਗੀਰ ਨੇ ਗੁਰੂ ਅਰਜਨ ਦੇਵ ਜੀ ਨੂੰ ਭਿਆਨਕ ਤਸੀਹੇ ਦੇ ਕੇ ਸ਼ਹੀਦ ਕਰ ਦਿੱਤਾ। ਉਸਦੇ ਭਾਣੇ ਸਿੱਖ ਲਹਿਰ ਦੀ ਕਮਰ ਤੋੜ ਦਿੱਤੀ ਗਈ ਸੀ, ਪਰ ਛੇਵੇਂ ਸਤਿਗੁਰੂ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਵੇਲੇ ਇਹ ਲਹਿਰ ਸਗੋਂ ਹੋਰ ਮਜ਼ਬੂਤ ਹੋ ਗਈ। ਉਨ੍ਹਾਂ ਨੇ ਸਿੱਖਾਂ ਨੂੰ ਇਸ ਯੋਗ ਬਣਾ ਦਿੱਤਾ ਕਿ ਉਹ ਨਾ ਕੇਵਲ ਆਪਣੇ ਧਰਮ ਦੀ ਸਗੋਂ ਦੂਜਿਆਂ ਦੇ ਧਰਮ ਦੀ ਵੀ ਰੱਖਿਆ ਕਰਨ ਦੇ ਯੋਗ ਹੋ ਗਏ।

ਗੁਰੂ ਹਰਿਗੋਬਿੰਦ ਸਾਹਿਬ ਨੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸਥਾਪਨਾ ਕੀਤੀ, ਜਿਸਦੇ ਅੱਗੇ ਮੀਰੀ ਤੇ ਪੀਰੀ (ਧਰਮ ਤੇ ਰਾਜਨੀਤੀ) ਦੇ ਸੁਮੇਲ ਨੂੰ ਪ੍ਰਗਟਾਉਂਦੇ ਹੋਏ ਦੋ ਨਿਸ਼ਾਨ ਸਾਹਿਬ ਝੁਲਾਏ ਗਏ। ਗੁਰੂ ਜੀ ਆਪ ਵੀ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਧਾਰਨ ਕਰਕੇ, ਸ੍ਰੀ ਅਕਾਲ ਤਖ਼ਤ ਸਾਹਿਬ ਤੇ ਬਿਰਾਜਦੇ। ਉਥੇ ਦੀਵਾਨ ਵਿਚ ਢਾਡੀ ਸੂਰਮਿਆਂ ਦੀ ਵਾਰਾਂ ਗਾ ਕੇ ਸਿੱਖਾਂ ਵਿਚ ਜੋਸ਼ ਭਰਦੇ। ਸ੍ਰੀ ਅਕਾਲ ਤਖ਼ਤ ਦੇ ਨੇੜੇ ਹੀ ਸਿੱਖ ਜੁਆਨ ਸ਼ਸਤਰਾਂ ਦੇ ਅਭਿਆਸ ਕਰਦੇ ਤੇ ਮਰਦਾਵੀਆਂ ਖੇਡਾਂ ਖੇਡਦੇ। ਗੁਰੂ ਜੀ ਤੇ ਸਿੱਖ ਸ਼ਿਕਾਰ ਖੇਡਣ ਜਾਂਦੇ, ਨਗਾਰਾ ਵਜਾਇਆ ਜਾਂਦਾ। ਅੰਮ੍ਰਿਤਸਰ ਵਿਚ 'ਲੋਹਗੜ੍ਹ' ਨਾਮ ਦਾ ਕਿਲ੍ਹਾ ਵੀ ਬਣਾਇਆ ਗਿਆ ਤੇ ਸ਼ਹਿਰ ਦੀ ਸੁਰੱਖਿਆ ਲਈ ਸ਼ਹਿਰ ਦੇ ਦੁਆਲੇ ਦੀਵਾਰ ਬਣਾਈ ਗਈ। ਇਸ ਸਭ ਤੋਂ ਸਪੱਸ਼ਟ ਸੀ ਕਿ ਸਿੱਖ ਹੁਣ ਅੱਤਿਆਚਾਰਾਂ ਅੱਗੇ ਨਹੀਂ ਝੁਕਣਗੇ ਅਤੇ ਅੱਤਿਆਚਾਰਾਂ ਦਾ ਡਟ ਕੇ ਮੁਕਾਬਲਾ ਕਰਨਗੇ।

ਗੁਰੂ ਜੀ ਦੀਆਂ ਇਨ੍ਹਾਂ ਕਾਰਵਾਈਆਂ ਕਾਰਨ ਉਨ੍ਹਾਂ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕੀਤਾ ਗਿਆ, ਪਰ ਸਿੱਖ-ਸੰਗਤਾਂ ਵਿਚ ਵਧਦੀ ਬੇਚੈਨੀ ਨੂੰ ਰੋਕਣ ਲਈ ਅਤੇ ਸਾਈਂ ਮੀਆਂ ਮੀਰ ਵਰਗੇ ਇਸਲਾਮੀ ਸੰਤਾਂ ਦੇ ਯਤਨਾਂ ਸਦਕਾ ਗੁਰੂ ਜੀ ਨੂੰ ਰਿਹਾਅ ਕਰਨਾ ਪਿਆ। ਉਨ੍ਹਾਂ ਨੇ ਬੰਦੀ ਪਹਾੜੀ ਰਾਜੇ ਵੀ ਛੁਡਵਾਏ। ਸ਼ਾਹ ਜਹਾਨ ਦੇ ਰਾਜ-ਕਾਲ ਸਮੇਂ ਗੁਰੂ ਸਾਹਿਬ ਤੇ ਕੁਝ ਜੰਗ ਵੀ ਠੋਸੇ ਗਏ; ਗੁਰੂ ਜੀ ਨੇ ਸਭ ਜੰਗ ਜਿੱਤੇ। ਇਨ੍ਹਾਂ ਤਰ੍ਹਾਂ ਸੰਤ-ਸਿਪਾਹੀਆਂ ਦੀ ਫ਼ੌਜ ਹੋਂਦ ਵਿਚ ਆ ਗਈ। ਸਿੱਖਾਂ ਨੂੰ ਸਵੈ-ਨਿਰਭਰ ਕਰਕੇ ਗੁਰੂ ਹਰਿਗੋਬਿੰਦ ਸਾਹਿਬ ਨੇ ਗੁਰਿਆਈ ਦੀ ਜ਼ਿੰਮੇਵਾਰੀ ਗੁਰੂ ਹਰਿ ਰਾਇ ਜੀ ਨੂੰ ਸੌਂਪ ਦਿੱਤੀ।

# ਜਨਮ ਤੇ ਮੁੱਢਲਾ ਜੀਵਨ

ਸ੍ਰੀ ਗੁਰੂ ਹਰਿ ਰਾਇ ਸਾਹਿਬ ਦਾ ਜਨਮ ਬਾਬਾ ਗੁਰਦਿੱਤਾ ਜੀ ਤੇ ਮਾਤਾ ਨਿਹਾਲ ਕੌਰ ਜੀ ਦੇ ਘਰ ਕੀਰਤਪੁਰ ਵਿਖੇ 16 ਜਨਵਰੀ ਸੰਨ 1630 ਦਿਨ ਐਤਵਾਰ ਨੂੰ ਹੋਇਆ। ਕੁਝ ਇਤਿਹਾਸਕਾਰ ਮਾਤਾ ਦਾ ਨਾਮ ਅਨੰਤੀ ਜਾਂ ਗੰਜ ਕੌਰ ਵੀ ਲਿਖਦੇ ਹਨ। ਬਾਬਾ ਗੁਰਦਿੱਤਾ ਜੀ 1638 ਵਿਚ ਅਕਾਲ ਚਲਾਣਾ ਕਰ ਗਏ। ਉਨ੍ਹਾਂ ਦੇ ਵੱਡੇ ਸਪੁੱਤਰ ਬਾਬਾ ਧੀਰਮਲ ਜੀ, ਜੋ ਕਰਤਾਰਪੁਰ (ਜਲੰਧਰ) ਸੀ, ਨੂੰ ਵੀ ਸੁਨੇਹਾ ਘੱਲਿਆ ਗਿਆ ਪਰ ਉਹ ਨਾ ਆਏ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਸੰਸਾਰਿਕ ਜ਼ਿੰਮੇਵਾਰੀ ਦੀ ਪੱਗ (ਗੁਰੂ) ਹਰਿ ਰਾਇ ਜੀ ਨੂੰ ਬੰਨ੍ਹੀ ਤੇ ਉਨ੍ਹਾਂ ਨੂੰ ਆਪਣੀ ਦੇਖ-ਰੇਖ ਵਿਚ ਰੱਖਣ ਲੱਗ ਪਏ।

ਬਾਲਕ (ਗੁਰੂ) ਹਰਿ ਰਾਇ ਜੀ ਦੀ ਪੜ੍ਹਾਈ, ਲਿਖਾਈ, ਸ਼ਸਤਰ ਵਿਦਿਆ ਤੇ ਘੋੜ ਸਵਾਰੀ ਗੁਰੂ ਹਰਿਗੋਬਿੰਦ ਜੀ ਨੇ ਆਪ ਕਰਵਾਈ। ਉਨ੍ਹਾਂ ਨੂੰ ਹਰ ਸਮੇਂ ਆਪਣੇ ਨਾਲ ਹੀ ਰੱਖਦੇ। ਕੀਰਤਨ ਸੁਣਨ ਸਮੇਂ, ਵਾਰਾਂ ਗਾਉਂਦੇ ਤੇ ਸੁਣਦੇ ਸਮੇਂ ਨਾਲ ਹੀ ਬਿਠਾਂਦੇ। (ਗੁਰੂ) ਹਰਿ ਰਾਇ ਜੀ ਵੀ ਸੇਵਾ ਤੋਂ ਪਿੱਛੇ ਨਾ ਹਟਦੇ ਤੇ ਸੇਵਾ ਵਿਚ ਜੁਟੇ ਰਹਿੰਦੇ। ਲੰਗਰ ਵੀ ਗੁਰੂ ਹਰਿਗੋਬਿੰਦ ਜੀ ਆਪਣੇ ਨਾਲ ਬੈਠ ਕੇ ਛਕਾਂਦੇ। ਸਮੇਂ ਸਮੇਂ ਤੇ ਗਿਆਨ, ਵੈਰਾਗ ਤੇ ਸੱਚ ਦੀ ਚਰਚਾ ਵੀ ਕਰਦੇ ਰਹਿੰਦੇ।

ਇਕ ਦਿਨ ਗੁਰੂ ਹਰਿਗੋਬਿੰਦ ਜੀ ਤੇ ਹਰਿ ਰਾਇ ਜੀ ਬਾਗ ਵਿਚ ਸੈਰ ਨੂੰ ਜਾ ਰਹੇ ਸਨ। ਇਕ ਬੇਮੌਸਮੀ ਫੁੱਲ ਨੂੰ ਖਿੜਿਆ ਦੇਖ ਕੇ ਗੁਰੂ ਜੀ ਬੜੇ ਪ੍ਰਸੰਨ ਹੋਏ ਤੇ ਫੁੱਲ ਅਤੇ ਮਾਲੀ ਦੀ ਬੜੀ ਸ਼ਲਾਘਾ ਕੀਤੀ। ਸੈਰ ਤੋਂ ਪਰਤਦੇ ਸਮੇਂ ਟਾਹਣੀ ਤੇ ਫੁੱਲ ਨਾ ਦੇਖ ਕੇ ਪੁੱਛਿਆ ਕਿ ਫੁੱਲ ਕਿੱਥੇ ਹੈ? ਦੱਸਿਆ ਗਿਆ ਕਿ ਹਰਿ ਰਾਇ ਜੀ ਦੇ ਕਲੀਆਂ ਵਾਲੇ ਚੋਲੇ ਨਾਲ ਅੜ ਕੇ ਡਿੱਗ ਗਿਆ ਸੀ ਤੇ ਪੈਰਾਂ ਹੇਠ ਮਸਲਿਆ ਗਿਆ ਸੀ। ਗੁਰੂ ਹਰਿਗੋਬਿੰਦ ਜੀ ਨੇ ਬੁਲਾ ਕੇ ਇਤਨਾ ਹੀ ਕਿਹਾ ਕਿ ਜਾਮਾ ਵੱਡਾ ਪਹਿਨਿਆ ਹੋਵੇ ਤਾਂ ਸੰਭਾਲ ਕੇ ਤੁਰਨਾ ਚਾਹੀਦਾ ਹੈ। ਇਸ ਦਾ ਗੁੱਝਾ ਭਾਵ ਇਹ ਸੀ ਕਿ ਕੁਝ ਪ੍ਰਾਪਤੀ ਹੋ ਜਾਵੇ ਤਾਂ ਪ੍ਰਾਪਤ ਕਰਕੇ ਜਰਨਾ ਚਾਹੀਦਾ ਹੈ ਅਤੇ ਆਪਣੀ ਜ਼ਿੰਮੇਵਾਰੀ ਨੂੰ ਸਹੀ ਢੰਗ ਨਾਲ ਨਿਭਾਉਣਾ ਚਾਹੀਦਾ ਹੈ। ਇਹ ਬਚਨ (ਗੁਰੂ) ਹਰਿ ਰਾਇ ਜੀ ਨੇ ਸਾਰੀ ਉਮਰ ਪੱਲੇ ਬੰਨ੍ਹੀ ਰੱਖਿਆ।

ਸ਼ੁਰੂ ਤੋਂ ਹੀ ਹਰਿ ਰਾਇ ਜੀ ਦੇ ਅੰਦਰ ਸ਼ਕਤੀ ਤੇ ਕੋਮਲਤਾ ਦਾ ਚੰਗਾ ਮੇਲ ਰਿਹਾ ਹੈ। ਉਹ ਤਕੜੇ ਅਤੇ ਸਫ਼ਲ ਸ਼ਿਕਾਰੀ ਸਨ। ਦਇਆ ਉਨ੍ਹਾਂ ਦੇ ਸੁਭਾਅ ਅੰਦਰ ਰਸ ਚੁਕੀ ਸੀ ਤੇ ਜਿਸ ਵੀ ਜਾਨਵਰ ਜਾਂ ਪੰਛੀ ਨੂੰ ਉਹ ਫੜਦੇ, ਉਸ ਨੂੰ ਬਿਨਾਂ ਮਾਰੇ ਹੀ ਫੜ ਕੇ ਘਰ ਲੈ ਆਂਦੇ। ਜੇ ਫੱਟੜ ਜਾਂ ਜ਼ਖਮੀ ਹੁੰਦਾ ਤਾਂ ਦਵਾ ਲਗਾਂਦੇ, ਲੋੜੀਂਦੀ ਖੁਰਾਕ ਦੇ ਕੇ ਆਪਣੇ ਚਿੜੀਆ ਘਰ (ਰੱਖ) ਵਿਚ ਸੰਭਾਲ ਕੇ ਰੱਖਦੇ।

**ਵਿਆਹ** : ਗੁਰੂ ਹਰਿ ਰਾਇ ਜੀ ਦਾ ਵਿਆਹ ਸੰਨ 1640 ਵਿਚ ਅਨੂਪ ਸ਼ਹਿਰ (ਜ਼ਿਲ੍ਹਾ ਬੁਲੰਦ ਸ਼ਹਿਰ, ਯੂ. ਪੀ.) ਦੇ ਭਾਈ ਦਇਆ ਰਾਮ ਜੀ ਦੀ ਸਪੁੱਤਰੀ ਬੀਬੀ ਸੁਲੱਖਣੀ ਨਾਲ ਹੋਇਆ। ਸਹੁਰੇ ਘਰ ਆ ਕੇ ਜਿਨ੍ਹਾਂ ਦਾ ਨਾਮ ਕ੍ਰਿਸ਼ਨ ਕੌਰ ਰਖਿਆ ਗਿਆ। ਗੁਰੂ ਸਾਹਿਬ ਜੀ ਦੇ ਘਰ ਦੋ ਸਪੁੱਤਰ ਬਾਬਾ ਰਾਮ ਰਾਇ ਤੇ ਸ੍ਰੀ (ਗੁਰੂ) ਹਰਿਕ੍ਰਿਸ਼ਨ ਸਾਹਿਬ ਜੀ ਪੈਦਾ ਹੋਏ।

### *ਗੁਰਿਆਈ*

ਬਾਬਾ ਗੁਰਦਿੱਤਾ ਜੀ ਦੇ ਦੋ ਪੁੱਤਰ ਸਨ, ਧੀਰਮਲ ਅਤੇ ਹਰਿ ਰਾਇ ਜੀ। ਧੀਰਮਲ ਵੱਡੇ ਸਨ ਪਰ ਵੈਰੀਆਂ ਨਾਲ ਮਿਲ ਕੇ ਸਾਜ਼ਿਸ਼ਾਂ ਰਚਦੇ ਰਹਿੰਦੇ ਸਨ। ਈਰਖਾ ਦੀ ਅੱਗ ਵਿਚ ਸੜਦੇ ਰਹਿੰਦੇ। ਕਰਤਾਰਪੁਰ ਦੀ ਲੜਾਈ ਵਿਚ ਧੀਰਮਲ ਨੇ ਅੰਦਰ ਹੀ ਅੰਦਰ ਪੈਂਦੇ ਖ਼ਾਂ ਦਾ ਪੱਖ ਲਿਆ ਸੀ। ਜਿਸ ਕਰਕੇ ਸ਼ਾਹਜਹਾਨ ਨੇ ਬਾਬਾ ਧੀਰਮਲ ਨੂੰ ਜਾਗੀਰ ਦਿੱਤੀ ਸੀ। ਇਹ ਕੁਦਰਤੀ ਗੱਲ ਸੀ ਕਿ ਸਿੱਖ ਧਰਮ ਦੇ ਵਿਰੋਧੀ ਸਿੱਖਾਂ ਅੰਦਰ ਫੁੱਟ ਪਾ ਕੇ ਤੇ ਦੇਖ ਕੇ ਖੁਸ਼ ਹੁੰਦੇ ਸਨ। ਗੁਰੂ ਹਰਿਗੋਬਿੰਦ ਸਾਹਿਬ ਜੀ ਨੇ ਕਈ ਵਾਰੀ ਕੀਰਤਪੁਰ ਸਾਹਿਬ ਬੁਲਾਇਆ ਵੀ ਪਰ ਉਹ ਕਰਤਾਰਪੁਰ (ਜਲੰਧਰ) ਤੋਂ ਨਾ ਆਏ। ਉਹ ਸਮਝਦਾ ਸੀ ਕਿ ਗੁਰੂ ਗ੍ਰੰਥ ਸਾਹਿਬ ਦੀ ਆਦਿ ਬੀੜ ਉਸ ਕੋਲ ਹੋਣ ਕਰਕੇ ਸਿੱਖ ਸੰਗਤਾਂ ਵਿਚ ਭੁਲੇਖਾ ਪਾਇਆ ਜਾ ਸਕਦਾ ਹੈ। ਦੂਜੇ ਪਾਸੇ ਗੁਰੂ ਹਰਿਗੋਬਿੰਦ ਸਾਹਿਬ ਸਮਝਦੇ ਸਨ ਕਿ ਹਰਿ ਰਾਇ ਜੀ ਹੀ ਇਸ ਯੋਗ ਹਨ ਜੋ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲ ਸਕਦੇ ਹਨ ਤੇ ਕੌਮ ਨੂੰ ਸੁਚੱਜੀ ਅਗਵਾਈ ਦੇ ਸਕਦੇ ਹਨ।

ਗੁਰੂ ਹਰਿਗੋਬਿੰਦ ਜੀ 3 ਮਾਰਚ 1644 ਨੂੰ ਐਤਵਾਰ ਵਾਲੇ ਦਿਨ ਕੀਰਤਪੁਰ ਸਾਹਿਬ ਵਿਖੇ ਜੋਤਿ ਜੋਤਿ ਸਮਾਏ ਤੇ ਇਸ ਤੋਂ ਪਹਿਲਾਂ ਹੀ ਹਰਿ ਰਾਇ ਜੀ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਸੌਂਪ ਦਿੱਤੀ ਸੀ। ਉਸ ਸਮੇਂ ਗੁਰੂ ਹਰਿ ਰਾਇ ਜੀ ਦੀ ਉਮਰ 14 ਸਾਲ ਦੀ ਸੀ।

ਗੁਰੂ ਹਰਿ ਰਾਇ ਜੀ ਦੇ ਚਿਹਰੇ ਤੇ ਅਦੁੱਤੀ ਨੂਰ ਸੀ। ਉਨ੍ਹਾਂ ਦੇ ਬਚਨ ਸੁਣਦੇ ਸਾਰ ਹੀ ਦਿਲ ਕਿਸੇ ਅਨੋਖੇ ਅਨੰਦ ਵਿਚ ਚਲਾ ਜਾਂਦਾ ਸੀ। ਤਖ਼ਤ ਤੇ ਬੈਠ ਕੇ ਆਪ ਜੀ ਨੇ ਜੋ ਉਪਦੇਸ਼ ਦਿੱਤਾ ਉਹ ਹਰ ਸਿੱਖ ਲਈ ਸਦਾ ਯਾਦ ਰੱਖਣ ਤੇ ਜੀਵਨ ਵਿਚ ਕਮਾਉਣ ਲਈ ਹੈ। ਆਪ ਜੀ ਫੁਰਮਾਉਂਦੇ :

"ਸਤਿਨਾਮ ਜਪੋ। ਸੱਚੀ ਸੁੱਚੀ ਕਿਰਤ ਕਰੋ। ਬੁਰੇ ਕੰਮਾਂ ਤੋਂ ਦੂਰ ਰਹੋ। ਕਾਮ, ਕ੍ਰੋਧ ਆਦਿ ਪੰਜ ਵੈਰੀਆਂ ਤੋਂ ਬਚੋ। ਮਾਤਾ ਪਿਤਾ ਦੀ ਸੇਵਾ ਨਾ ਭੁੱਲੋ। ਮੱਤ ਉੱਚੀ ਤੇ ਚਿੱਤ ਪਰਮਾਤਮਾ ਵਿਚ ਜੋੜੀ ਰੱਖੋ। ਦਸਵੰਧ ਜ਼ਰੂਰ ਦੇਵੋ। ਸੰਗਤ ਨਿੱਤ ਕਰੋ।"

ਆਪ ਜੀ ਪਹਿਰ ਰਾਤ ਰਹਿੰਦੀ ਜਾਗ ਕੇ ਇਸ਼ਨਾਨ ਕਰਦੇ ਤੇ ਨਾਮ ਸਿਮਰਨ ਵਿਚ ਜੁਟ ਜਾਂਦੇ। ਪ੍ਰਭਾਤ ਵੇਲੇ ਸਤਿਸੰਗ ਵਿਚ ਆ ਕੇ ਪਹਿਲਾਂ ਗੁਰੂ ਗ੍ਰੰਥ ਸਾਹਿਬ ਜੀ ਦਾ ਵਾਕ ਲੈਂਦੇ, ਪਾਠ ਸੁਣਦੇ, ਆਸਾ ਕੀ ਵਾਰ ਦਾ ਕੀਰਤਨ ਹੁੰਦਾ ਤੇ ਭੋਗ ਪੈਣ ਤੇ ਅਰਦਾਸ ਖੜ੍ਹੇ ਹੋ ਕੇ ਕਰਦੇ।

ਸਾਰੀ ਸੰਗਤ ਸਮੇਤ ਲੰਗਰ ਵਿਚ ਜਾ ਕੇ ਲੰਗਰ ਛਕਦੇ। ਕੁਝ ਆਰਾਮ ਕਰਕੇ ਸ਼ਿਕਾਰ ਲਈ ਜਾਂਦੇ।

ਫਿਰ ਬਾਗ ਵਿਚ ਸੈਰ ਕਰਨ ਜਾਂਦੇ। ਸੈਰ ਤੋਂ ਵਾਪਸ ਆ ਕੇ ਦਵਾਖ਼ਾਨੇ (ਹਸਪਤਾਲ) ਜਾਂਦੇ। ਘੋੜਸਵਾਰੀ ਕਰਦੇ, ਕੁਸ਼ਤੀਆਂ ਕਰਵਾਂਦੇ। ਬੱਚਿਆਂ ਨੂੰ ਉਪਦੇਸ਼ ਕਰਦੇ। ਯੋਧਿਆਂ ਦੇ ਕਰਤਬ ਦੇਖਦੇ ਤੇ ਆਪ ਵੀ ਤੀਰ-ਅੰਦਾਜ਼ੀ ਕਰਦੇ। ਰੱਖ (ਚਿੜੀਆ ਘਰ) ਵਿਚ ਜਾਂਦੇ ਤੇ ਪੰਛੀਆਂ ਦੀ ਦੇਖਭਾਲ ਕਰਦੇ।

ਸੋ-ਦਰੁ ਵੇਲੇ ਫਿਰ ਸੰਗਤ ਵਿਚ ਜਾਂਦੇ। ਪਹਿਰ ਰਾਤ ਤੱਕ ਦੀਵਾਨ ਹੁੰਦਾ। ਲੰਗਰ ਛਕ ਕੇ ਸੋਹਿਲਾ ਦੇ ਪਾਠ ਉਪਰੰਤ ਵਿਸ਼ਰਾਮ ਕਰਦੇ।

### *ਕੀਰਤਪੁਰ ਦਾ ਵਿਕਾਸ*

ਕੀਰਤਪੁਰ ਵਿਚ ਵਸੋਂ ਵਧ ਰਹੀ ਸੀ ਤੇ ਹੋਰ ਹੋਰ ਬਸਤੀਆਂ ਬਣਦੀਆਂ ਜਾ ਰਹੀਆਂ ਸਨ। ਆਪ ਜੀ ਨੇ ਨਗਰ ਨੂੰ ਸੁੰਦਰ, ਵਾਤਾਵਰਣ ਸੁਖਾਵਾਂ ਤੇ ਮਨਮੋਹਕ ਬਣਾਉਣ ਲਈ ਥਾਂ-ਥਾਂ ਤੇ ਬਾਗ ਲਗਵਾਏ। ਪ੍ਰਿੰਸੀਪਲ ਸਤਿਬੀਰ ਸਿੰਘ ਅਨੁਸਾਰ ਇਨ੍ਹਾਂ ਦੀ ਗਿਣਤੀ 52 ਸੀ। ਬਾਗਾਂ ਵਿਚ ਦੂਰ-ਦੂਰ ਤੋਂ ਚੰਗੇ-ਚੰਗੇ ਫੁੱਲਾਂ ਦੇ ਬੀਜ ਮੰਗਵਾ ਕੇ ਸਿਆਣੇ ਤੇ ਤਜਰਬੇਕਾਰ ਮਾਲੀਆਂ ਤੋਂ ਬਾਗਾਂ ਵਿਚ ਭਾਂਤ-ਭਾਂਤ ਦੀ ਸਜਾਵਟ ਕਰਵਾਈ। ਜਿਸਦੀ ਫੁਲਵਾੜੀ ਸਭ ਤੋਂ ਸੁੰਦਰ ਹੁੰਦੀ, ਉਸ ਮਾਲੀ ਦੀ ਪ੍ਰਸੰਸਾ ਕਰਦੇ ਤੇ ਉਸ ਨੂੰ ਇਨਾਮ ਦਿੰਦੇ। ਕੀਰਤਪੁਰ ਦਾ ਨਾਮ ਹੀ 'ਬਾਗਾਂ ਦਾ ਸ਼ਹਿਰ' ਪੈ ਗਿਆ।

### *ਰੱਖ (ਚਿੜੀਆ ਘਰ)*

ਸ਼ਿਕਾਰ ਆਮ ਤੌਰ ਤੇ ਜਿਊਂਦਾ ਹੀ ਪਕੜ ਕੇ ਲਿਆਇਆ ਜਾਂਦਾ ਸੀ। ਇਸ ਤਰ੍ਹਾਂ ਜਾਨਵਰ ਤੇ ਪੰਛੀ ਪਕੜ-ਪਕੜ ਕੇ ਵਾੜੇ ਵਿਚ ਛੱਡ ਦਿੱਤੇ ਜਾਂਦੇ ਤੇ ਇਸ ਤਰ੍ਹਾਂ ਇਕ ਚਿੜੀਆਘਰ ਜਿਹਾ ਬਣ ਗਿਆ। ਇਸ ਵਿਚ ਪੰਛੀ ਆਜ਼ਾਦੀ ਨਾਲ ਉਡਦੇ ਰਹਿੰਦੇ ਤੇ ਜਾਨਵਰ ਫਿਰਦੇ ਰਹਿੰਦੇ। ਲੋਕੀਂ ਦੂਰ-ਦੂਰ ਤੋਂ ਇਨ੍ਹਾਂ ਦੇ ਕਰਤਬ ਦੇਖਣ ਆਉਂਦੇ ਤੇ ਖੁਸ਼ ਹੋ ਕੇ ਜਾਂਦੇ।

**ਕਿਲ੍ਹੇ** : ਸ਼ਾਹਜਹਾਨ ਨੂੰ ਅੰਦਰੋ-ਅੰਦਰ ਦੁੱਖ ਸੀ ਕਿ ਪਹਾੜੀ ਰਾਜੇ ਆਜ਼ਾਦ ਹਨ। ਤਾਰਾ ਚੰਦ ਵੀ ਉਸਦੀਆਂ ਨਜ਼ਰਾਂ ਵਿਚ ਸੀ। ਗੁਰੂ ਜੀ ਵੀ ਸਮਝਦੇ ਸਨ ਕਿ ਬਾਦਸ਼ਾਹ ਦੇ ਇਰਾਦੇ ਨੇਕ ਨਹੀਂ ਹਨ। ਸੋ ਆਪ ਜੀ ਨੇ ਪਤਾਲਗੜ੍ਹ ਦੀ ਥਾਂ ਤੇ ਨਦੀ ਕਿਨਾਰੇ ਇਕ ਕਿਲ੍ਹਾ ਉਸਾਰਿਆ। ਲੜਾਈ ਦਾ ਸਾਮਾਨ ਵੀ ਇਥੇ ਹੀ ਰਖਿਆ। ਇਸ ਕਿਲ੍ਹੇ ਦੀ ਉਸਾਰੀ ਤੋਂ ਪਤਾ ਲਗਦਾ ਹੈ ਕਿ ਗੁਰੂ ਹਰਿ ਰਾਇ ਜੀ ਹਰ ਤਰ੍ਹਾਂ ਚੋਕੰਨੇ ਸਨ ਤੇ ਸਿੱਖ ਵੀ ਸਾਵਧਾਨ ਰਹਿੰਦੇ ਸਨ।

ਇਕ ਕਿਲ੍ਹਾ ਕੀਰਤਪੁਰ ਲਾਗੇ ਮਾਖੋਵਾਲ ਕੋਲ ਪਿੰਡ ਦੋਨੇਵਾਲ ਵਿਖੇ ਬਣਵਾਇਆ।* ਪੰਜ ਕੁ ਮੀਲ ਦੱਖਣ ਵੱਲ ਬੁੰਗਾ ਸਾਹਿਬ ਬਣਵਾਇਆ। 2200 ਘੋੜ ਸਵਾਰਾਂ ਲਈ ਰਿਹਾਇਸ਼, ਘੋੜਿਆਂ ਲਈ ਅਸਤਬਲ, ਚੁਬੱਚਾ, ਤਾਲਾਬ ਤੇ ਖੂਹ ਵੀ ਬਣਵਾਏ।

**ਦਵਾਖ਼ਾਨਾ** : ਨਾਮ-ਔਖਧ ਦੇ ਨਾਲ-ਨਾਲ ਰੋਗੀਆਂ ਦਾ ਰੋਗ ਦੂਰ ਕਰਨ ਲਈ ਗੁਰੂ ਹਰਿ ਰਾਇ ਜੀ ਨੇ ਕੀਰਤਪੁਰ ਵਿਚ ਇਕ ਵੱਡਾ ਦਵਾਖਾਨਾ ਵੀ ਖੋਲ੍ਹਿਆ। ਕਈ ਚੰਗੇ ਵੈਦ, ਹਕੀਮ ਮਰੀਜ਼ਾਂ ਨੂੰ ਦੇਖਣ ਲਈ ਰੱਖੇ। ਐਸੀਆਂ-ਐਸੀਆਂ ਦੁਰਲਭ ਤੇ ਕੀਮਤੀ ਦਵਾਈਆਂ ਭੀ ਰੱਖੀਆਂ ਤੇ ਬਣਾਈਆਂ ਜੋ ਹਿੰਦੁਸਤਾਨ ਵਿਚ ਕਿਧਰੇ ਵੀ ਨਹੀਂ ਸਨ

---

* ਕਿਲ੍ਹਿਆਂ ਦਾ ਜ਼ਿਕਰ ਪ੍ਰਿੰ. ਸਤਿਬੀਰ ਸਿੰਘ ਨੇ ਹੀ ਕੀਤਾ ਹੈ। ਜਾਪਦਾ ਹੈ ਇਹ ਛੋਟੀਆਂ ਗੜ੍ਹੀਆਂ ਜਾਂ ਹਵੇਲੀਆਂ ਹੋਣਗੀਆਂ ਜਿਨ੍ਹਾਂ ਨੂੰ ਕਿਲ੍ਹੇ ਜਾਂ ਕੋਟ ਕਰਕੇ ਲਿਖਿਆ ਗਿਆ ਹੈ।

ਮਿਲਦੀਆਂ। ਜਦੋਂ ਦਾਰਾ ਸ਼ਿਕੋਹ ਨੂੰ ਔਰੰਗਜ਼ੇਬ ਨੇ ਧੋਖੇ ਨਾਲ ਸ਼ੇਰ ਦੀ ਮੁੱਛ ਦਾ ਵਾਲ ਖੁਆ ਦਿੱਤਾ ਸੀ ਤਾਂ ਸ਼ਾਹੀ ਹਕੀਮਾਂ ਨੇ ਖ਼ਾਸ ਕਿਸਮ ਤੇ ਵਜ਼ਨ ਦੇ ਲੌਂਗ, ਹਰੀੜਾਂ ਤੇ ਗਜਮੋਤੀ ਦਵਾਈ ਲਈ ਦੱਸੇ ਪਰ ਕਿਧਰੋਂ ਵੀ ਇਹ ਵਸਤਾਂ ਨਾ ਮਿਲੀਆਂ। ਸ਼ਾਹਜਹਾਨ ਵਲੋਂ ਬੇਨਤੀ ਪੁੱਜਣ ਤੇ ਗੁਰੂ ਜੀ ਦੇ ਦਵਾਖ਼ਾਨੇ ਤੋਂ ਹੀ ਉਹ ਭੇਜੀਆਂ ਗਈਆਂ ਤੇ ਦਾਰਾ ਸ਼ਿਕੋਹ ਰਾਜ਼ੀ ਹੋ ਗਿਆ।

### *ਕਾਲ-ਪੀੜਤਾਂ ਦੀ ਸੇਵਾ*

ਅਕਬਰ ਦੇ ਰਾਜ ਸਮੇਂ ਵੀ ਮਾਝੇ ਵਿਚ ਤਿੰਨ-ਚਾਰ ਸਾਲ ਭਿਆਨਕ ਕਾਲ ਪਿਆ ਸੀ। ਗੁਰੂ ਅਰਜਨ ਦੇਵ ਜੀ ਨੇ ਹਰੇਕ ਪਿੰਡ ਵਿਚ ਜਾ ਕੇ ਦੁਖੀਆਂ ਦੇ ਦਰਦ ਵੰਡੇ ਤੇ ਉਨ੍ਹਾਂ ਦੀ ਸਹਾਇਤਾ ਕੀਤੀ ਸੀ। ਲਾਹੌਰ ਵਿਚ ਕਾਲ ਪੈਣ ਤੇ ਗੁਰੂ ਅਰਜਨ ਦੇਵ ਅੱਠ ਮਹੀਨੇ ਆਪ ਲਾਹੌਰ ਰਹੇ ਸਨ ਤੇ ਲੋੜਵੰਦਾਂ ਦੀ ਸੇਵਾ ਕੀਤੀ ਸੀ। ਅਕਬਰ ਇਸੇ ਕਾਰਨ ਗੁਰੂ ਘਰ ਨੂੰ ਆਦਰ-ਸਤਿਕਾਰ ਦੇਂਦਾ ਸੀ।

ਜਹਾਂਗੀਰ ਦੇ ਵਕਤ ਵੀ ਲਾਹੌਰ ਤੇ ਕਸ਼ਮੀਰ ਵਿਚ ਗਿਲਟੀ-ਤਾਪ ਨੇ ਬੜਾ ਕਹਿਰ ਢਾਹਿਆ। ਗੁਰੂ ਹਰਿਗੋਬਿੰਦ ਜੀ ਦੁਖੀਆਂ ਦੀ ਮਦਦ ਲਈ ਬੜੀ ਤੇਜ਼ੀ ਨਾਲ ਕਸ਼ਮੀਰ ਗਏ ਤੇ ਇਕ ਸਾਲ ਹਰ ਤਰ੍ਹਾਂ ਦੀ ਸੇਵਾ-ਸਹਾਇਤਾ ਕਰਦੇ ਰਹੇ। ਲਾਹੌਰ ਆ ਕੇ ਵੀ ਮਰੀ ਦੇ ਸ਼ਿਕਾਰ ਲੋਕਾਂ ਦੀ ਸੇਵਾ ਕੀਤੀ। ਪਰ ਜਹਾਂਗੀਰ ਇਸ ਨੂੰ ਖਤਰਾ ਸਮਝਣ ਲੱਗ ਪਿਆ ਕਿ ਕਿਧਰੇ ਸਿੱਖਾਂ ਦੀ ਇਹ ਵਧਦੀ ਪ੍ਰਸਿੱਧੀ ਹਕੂਮਤ ਲਈ ਖ਼ਤਰਾ ਨਾ ਬਣ ਜਾਏ।

ਸ਼ਾਹਜਹਾਨ ਸਮੇਂ ਫਿਰ ਭਾਰੀ ਕਾਲ ਪਿਆ। ਪਹਿਲਾਂ ਦੱਖਣ, ਫਿਰ ਕਸ਼ਮੀਰ ਤੇ ਫਿਰ ਪੰਜਾਬ ਵਿਚ। ਸੰਨ 1639 ਵਿਚ ਸ਼ਾਹਜਹਾਨ ਨੇ ਪੰਜਾਬ ਵਿਚ ਨਹਿਰਾਂ ਪੁਟਾਉਣ ਦੀ ਕੋਸ਼ਿਸ਼ ਕੀਤੀ ਪਰ ਫਿਰ ਭੀ ਸੰਨ 1646 ਵਿਚ ਇਥੇ ਕਾਲ ਪੈ ਹੀ ਗਿਆ। ਲੋਕ ਰੋਟੀ ਨੂੰ ਤਰਸ ਗਏ। ਰੋਟੀਆਂ ਲਈ ਸਰੀਰਕ ਇੱਜ਼ਤ ਵਿਕਣ ਲੱਗੀ। ਮਾਂ-ਬਾਪ ਬੱਚਿਆਂ ਤੱਕ ਨੂੰ ਵੇਚਣ ਲਈ ਤਿਆਰ ਹੋ ਗਏ। ਸ਼ਾਹਜਹਾਨ ਨੇ 40 ਕੁ ਹਜ਼ਾਰ ਰੁਪਏ ਸ਼ਾਹੀ ਖ਼ਜ਼ਾਨੇ 'ਚੋਂ ਦੇ ਕੇ 10 ਲੰਗਰ ਖੁਲ੍ਹਵਾਏ ਪਰ ਇਸ ਨਾਲ ਕਿੰਨੀ ਕੁ ਮਦਦ ਹੋ ਸਕਦੀ ਸੀ?

ਗੁਰੂ ਹਰਿ ਰਾਇ ਜੀ ਨੇ ਆਪਣੇ ਦਾਦਾ ਅਤੇ ਪੜਦਾਦਾ ਜੀ ਦੀ ਤਰ੍ਹਾਂ ਦਸਵੰਧ ਨੂੰ ਕਾਲ-ਪੀੜਤਾਂ ਲਈ ਵਰਤਣਾ ਸ਼ੁਰੂ ਕੀਤਾ। ਹਰ ਪ੍ਰਾਂਤ ਵਿਚ ਵੱਸਦੇ ਸਿੱਖਾਂ ਨੇ ਦਿਲ ਖੋਲ੍ਹ ਕੇ ਮਾਇਆ ਭੇਜੀ ਜੋ ਕਾਲ-ਪੀੜਤਾਂ ਲਈ ਵਰਤੀ ਗਈ। ਸੰਗਤਾਂ ਨੂੰ ਹੁਕਮ ਕੀਤਾ ਕਿ ਲੰਗਰ ਲਾ ਕੇ ਸੇਵਾ ਕੀਤੀ ਜਾਏ। ਕਿਸੇ ਸਮੇਂ ਵੀ ਕੋਈ ਆਵੇ ਪਿਆਰ ਨਾਲ ਪ੍ਰਸ਼ਾਦਾ ਛਕਾਇਆ ਜਾਵੇ।

ਲੰਗਰ ਵਰਤਾਉਣ ਤੋਂ ਪਹਿਲਾਂ ਨਗਾਰਾ ਵਜਾਉਣਾ ਵੀ ਆਪ ਜੀ ਨੇ ਹੀ ਸ਼ੁਰੂ ਕੀਤਾ ਸੀ।

ਗੁਰੂ ਹਰਿ ਰਾਇ ਜੀ ਦਾ ਫੁਰਮਾਨ ਸੀ ਕਿ ਗੁਰੂ ਕੇ ਲੰਗਰ ਵਿਚ ਹਰ ਸਿੱਖ ਯਥਾ ਸ਼ਕਤ ਰਸਦ ਪਾਵੇ, ਭਾਵੇਂ ਇਕ ਚੁਟਕੀ ਆਟਾ ਜਾਂ ਕੁਝ ਦਾਣੇ ਹੀ ਪਾਵੇ। ਇਸ ਨਾਲ ਬਰਕਤ ਆਉਂਦੀ ਹੈ।

## ਹਿੰਦੂਆਂ 'ਤੇ ਜ਼ੁਲਮ

ਜਦੋਂ ਵੀ ਕੋਈ ਧਰਮ ਕੇਵਲ ਰੀਤਾਂ-ਰਸਮਾਂ ਦੇ ਅੰਦਰ ਹੀ ਰਹਿ ਜਾਵੇ ਤਾਂ ਉਸ ਧਰਮ ਦੇ ਆਗੂ ਤੇ ਰਖਵਾਲੇ ਮਨੁੱਖਤਾ ਦਾ ਆਦਰ ਕਰਨ ਦੇ ਆਪਣੇ ਨਿਸ਼ਾਨੇ ਤੋਂ ਭਟਕ ਜਾਂਦੇ ਹਨ। ਨਵੇਂ-ਨਵੇਂ ਧਰਮ ਅਸਥਾਨ ਤਾਂ ਬਣਦੇ ਰਹਿੰਦੇ ਹਨ ਪਰ ਧਾਰਮਿਕ ਰਸਮਾਂ ਧਰਮ ਅਸਥਾਨਾਂ ਦੇ ਅੰਦਰ ਹੀ ਰਹਿੰਦੀਆਂ ਹਨ। ਇਹੀ ਕਮਜ਼ੋਰੀ ਹਿੰਦੂਆਂ ਦੇ ਧਾਰਮਿਕ ਆਗੂ ਬ੍ਰਾਹਮਣ ਵਿਚ ਆ ਚੁੱਕੀ ਸੀ। ਉਸ ਹਰ ਵਿਅਕਤੀ, ਜੋ ਮਨੁੱਖਤਾ ਦਾ ਭਲਾ ਚਾਹੁੰਦਾ ਸੀ, ਦਾ ਫ਼ਰਜ਼ ਬਣਦਾ ਸੀ ਕਿ ਜਨਤਾ ਨੂੰ ਇਸ ਕਮਜ਼ੋਰੀ ਤੋਂ ਜਾਣੂੰ ਕਰਵਾਏ। ਪਰ ਇਹ ਕਿਸੇ ਦਾ ਹੱਕ ਨਹੀਂ ਬਣਦਾ ਕਿ ਤਲਵਾਰ ਦਾ ਡਰ ਦੇ ਕੇ ਉਸ ਨੂੰ ਇਸ ਗ਼ਲਤ ਰਸਤੇ ਤੋਂ ਰੋਕੇ। ਇਹ ਮੂਰਤੀ-ਪੂਜਾ ਦਾ ਕਰਮ ਮੂਰਤੀ ਦੀ ਪੂਜਾ ਕਰਨ ਵਾਲੇ ਇਨਸਾਨ ਨੂੰ ਮਨੁੱਖ ਜਾਤੀ ਦੀ ਸੇਵਾ ਕਰਨ ਤੋਂ ਬੇ-ਧਿਆਨਾ ਕਰ ਦਿੰਦਾ ਹੈ। ਉਹ ਆਪਣੇ ਆਪ ਨੂੰ ਉਸ ਮੂਰਤੀ ਦੀ ਪੂਜਾ ਤੇ ਸੇਵਾ ਕਰਕੇ ਹੀ ਧਰਮੀ ਮੰਨਣ ਲੱਗ ਪੈਂਦਾ ਹੈ ਤੇ ਸਾਥੀ ਮਨੁੱਖਾਂ ਦੇ ਦੁੱਖ-ਸੁਖ ਵਿਚ ਮਦਦ ਦੇਣਾ ਵੀ ਜ਼ਰੂਰੀ ਨਹੀਂ ਸਮਝਦਾ। ਹਰ ਪਿੰਡ ਵਿਚ, ਹਰ ਸ਼ਹਿਰ ਵਿਚ ਇਹੀ ਧਰਮ ਕਮਾਇਆ ਜਾਂਦਾ ਸੀ। ਮੁਸਲਮਾਨ ਕਿਉਂਕਿ ਮੂਰਤੀ ਪੂਜਕ ਨਹੀਂ ਸਨ ਤੇ ਉਨ੍ਹਾਂ ਦੇ ਵੱਡੇ-ਵੱਡੇ ਵਿਦਵਾਨ, ਪੀਰ-ਫ਼ਕੀਰ ਆਦਿ ਭਾਰਤ ਦੇ ਹਿੰਦੂਆਂ ਨੂੰ ਇਸਲਾਮ ਵਿਚ ਦਾਖ਼ਲ ਹੋਣ ਲਈ ਪ੍ਰੇਰਦੇ ਸਨ। ਉਹ ਹਾਕਮ ਜਮਾਤ ਨਾਲ ਸੰਬੰਧਿਤ ਸਨ ਤੇ ਇਸ ਲਈ ਐਸਾ ਕਰਨਾ ਆਪਣਾ ਹੱਕ ਸਮਝਦੇ ਸਨ।

ਸ਼ਾਹਜਹਾਨ ਨੇ ਸਭ ਨਵੇਂ ਬਣੇ ਹਿੰਦੂ ਮੰਦਰਾਂ ਨੂੰ ਢਾਹੁਣ ਦਾ ਤੇ ਅੱਗੇ ਤੋਂ ਕੋਈ ਵੀ ਮੰਦਰ ਨਾ ਬਣਨ ਦੇਣ ਦਾ ਹੁਕਮ ਦੇ ਦਿੱਤਾ। ਪੁਰਾਣੇ ਮੰਦਰਾਂ ਦੀ ਮੁਰੰਮਤ ਵੀ ਬੰਦ ਕਰਵਾ ਦਿੱਤੀ। ਹਿੰਦੂਆਂ ਨੂੰ ਜਬਰੀ ਮੁਸਲਮਾਨ ਬਣਾਇਆ ਜਾਣ ਲੱਗਾ। ਸ਼ਾਹਜਹਾਨ ਦਾ ਇਹ ਹੁਕਮ ਸਿੱਖਾਂ ਦੇ ਧਰਮ ਅਸਥਾਨਾਂ ਤੇ ਲਾਗੂ ਨਹੀਂ ਸੀ ਹੁੰਦਾ। ਸ਼ਾਹਜਹਾਨ ਨੇ ਸਿੱਖ-ਗੁਰਦੁਆਰਿਆਂ ਵਾਸਤੇ ਐਸਾ ਕੋਈ ਹੁਕਮ ਨਹੀਂ ਸੀ ਦਿੱਤਾ ਕਿਉਂਕਿ ਸਿੱਖ ਬੁੱਤ-ਪੂਜ ਨਹੀਂ ਸਨ ਤੇ ਨਾ ਹੀ ਧਾਰਮਿਕ ਰਸਮਾਂ ਵਿਚ ਫਸ ਕੇ ਮਨੁੱਖ-ਜਾਤੀ ਦੀ ਸੇਵਾ ਵਲੋਂ ਮੂੰਹ ਮੋੜਦੇ ਸਨ।

## ਗੁਰੂ ਦਰਬਾਰ ਦੀ ਸ਼ਾਨ

ਗੁਰੂ ਹਰਿ ਰਾਇ ਜੀ ਦੀ ਸ਼ੋਭਾ ਤੇ ਕੀਰਤੀ ਚਾਰੇ ਪਾਸੇ ਫੈਲ ਰਹੀ ਸੀ ਤੇ ਲੋਕਾਂ ਦੀਆਂ ਡਾਰਾਂ ਦੀਆਂ ਡਾਰਾਂ ਉਨ੍ਹਾਂ ਦੇ ਦਰਬਾਰ ਵਿਚ ਹਾਜ਼ਰ ਹੋ ਕੇ, ਉਨ੍ਹਾਂ ਦੇ ਉਪਦੇਸ਼ਾਂ ਨੂੰ ਸੁਣ ਕੇ ਤੇ ਜੀਵਨ ਵਿਚ ਢਾਲ ਕੇ ਆਪਣਾ ਮਨੁੱਖੀ ਜੀਵਨ ਸਫ਼ਲਾ ਕਰ ਰਹੀਆਂ ਸਨ। ਆਪ ਜੀ ਦੇ ਦਰਬਾਰ ਦੀ ਤਾਂ ਸ਼ੋਭਾ ਹੀ ਨਿਰਾਲੀ ਸੀ। ਜਦੋਂ ਆਪ ਜੀ ਦਾ ਦਰਬਾਰ ਲਗਦਾ, ਨਗਾਰਾ ਵੱਜਦਾ, ਚਾਂਦੀ ਦੇ ਹੌਦੇ ਵਾਲਾ ਹਾਥੀ ਬਾਹਰ ਮੁੱਖ-ਦਵਾਰ 'ਤੇ ਝੂਮਦਾ ਨਜ਼ਰ ਆਉਂਦਾ। ਗੁਰੂ ਹਰਿਗੋਬਿੰਦ ਸਾਹਿਬ ਦੇ ਹੁਕਮ ਅਨੁਸਾਰ 2200 ਘੋੜ ਸਵਾਰ ਹਰ ਵੇਲੇ ਤਿਆਰ-ਬਰ-ਤਿਆਰ ਰਹਿੰਦੇ ਸਨ। ਬਾਹਰ, ਮੁੱਖ-ਦਵਾਰ ਤੇ ਚੋਬਦਾਰ ਖੜ੍ਹੇ ਰਹਿੰਦੇ ਸਨ। ਸ਼ਾਮਿਆਨਾ ਇਤਨਾ ਸੁੰਦਰ ਤੇ ਸਜਾਵਟ ਇਤਨੀ ਮਨਮੋਹਣੀ ਸੀ ਕਿ ਸੰਸਾਰੀ ਬਾਦਸ਼ਾਹਾਂ ਦਾ ਦਰਬਾਰ ਵੀ ਉਸਦੇ ਸਾਹਮਣੇ ਫਿੱਕਾ ਲਗਦਾ ਸੀ। ਆਪ ਜੀ ਦੇ ਚਿਹਰੇ ਤੇ ਬੱਸ ਨੂਰ

ਹੀ ਨੂਰ ਸੀ। ਊਚ-ਨੀਚ, ਛੋਟੇ-ਵੱਡੇ, ਅਮੀਰ-ਗਰੀਬ ਸਭ ਗੁਰੂ ਦਰਬਾਰ ਵਿਚ ਬਰਾਬਰ ਸਨ। ਇੰਜ ਲਗਦਾ ਸੀ ਕਿ ਕੀਰਤਪੁਰ ਵਿਚ ਹਰ ਸਮੇਂ ਮੇਲਾ ਲੱਗਿਆ ਹੋਵੇ। ਕਾਬਲ, ਕੰਧਾਰ ਤੇ ਦੂਰੋਂ-ਦੂਰੋਂ ਸਿੱਖ ਸੰਗਤਾਂ ਕਈ ਤਰ੍ਹਾਂ ਦੀਆਂ ਭੇਟਾਵਾਂ ਲੈ ਕੇ ਹਾਜ਼ਰ ਹੁੰਦੀਆਂ।

**ਗੁਰ-ਉਪਦੇਸ਼ :** ਆਪ ਜੀ ਦਾ ਜਸ ਇਤਨਾ ਫੈਲਿਆ ਹੋਇਆ ਸੀ ਕਿ ਪੰਜਾਬ ਭਰ ਦੇ ਫਕੀਰ ਟੋਲੀਆਂ ਬਣਾ ਕੇ ਆਪ ਜੀ ਦੇ ਦਰਸ਼ਨ ਕਰਨ ਆਉਂਦੇ ਤੇ ਬਚਨ ਸੁਣ ਕੇ ਨਿਹਾਲ ਹੋ ਕੇ ਜਾਂਦੇ। ਰੂਮ ਦੇ ਬਾਦਸ਼ਾਹ ਦਾ ਵਕੀਲ, ਜੋ ਹਿੰਦੁਸਤਾਨ ਵਿਚ ਆਤਮਿਕ ਦੌਲਤ ਲਈ ਖਾਸ ਕਰਕੇ ਆਇਆ ਸੀ, ਆਪ ਦੀ ਸ਼ੋਭਾ ਸੁਣ ਕੇ ਕੀਰਤਪੁਰ ਗੁਰੂ ਦਰਬਾਰ ਵਿਚ ਆਇਆ। ਉਸ ਵਲੋਂ ਸੁਆਲ ਕੀਤਾ ਗਿਆ ਕਿ ਦੋਜ਼ਖ਼ ਦੀ ਅੱਗ ਤੋਂ ਕੌਣ ਬਚਾਏਗਾ? ਗੁਰੂ ਹਰਿ ਰਾਇ ਜੀ ਦਾ ਜਵਾਬ ਸੀ ਕਿ ਆਪਣਾ ਚੰਗਾ ਸੁਭਾਅ ਤੇ ਸ਼ੁੱਭ ਕਰਮ ਹੀ ਮਨੁੱਖ ਨੂੰ ਦੋਜ਼ਖ ਦੀ ਅੱਗ ਤੋਂ ਬਚਾ ਸਕਦੇ ਹਨ। ਹੋਰ ਕੋਈ ਸਿਫ਼ਾਰਸ਼ ਕੰਮ ਨਹੀਂ ਆਉਣੀ। ਮਨੁੱਖਾ ਜੀਵਨ ਹੀ ਉਸ ਅਕਾਲ ਪੁਰਖ ਦਾ ਨਾਮ ਕਮਾਉਣ ਤੇ ਦ੍ਰਿੜ੍ਹਾਉਣ ਲਈ ਮਿਲਿਆ ਹੈ।

ਰਾਜਿਆਂ ਨੂੰ ਗੁਰੂ ਸਾਹਿਬ ਦਾ ਉਪਦੇਸ਼ ਸੀ ਕਿ ਕਿਸੇ 'ਤੇ ਰਾਜਾ ਹੋਣ ਦਾ ਰੋਅਬ ਨਾ ਪਾਓ, ਪਰਜਾ 'ਤੇ ਜ਼ੁਲਮ ਨਾ ਕਰੋ, ਰਾਜ ਮਦ ਵਿਚ ਹੰਕਾਰੀ ਨਾ ਬਣੋ, ਪਰਮਾਤਮਾ ਦਾ ਭਉ ਮਨ ਵਿਚ ਰੱਖੋ। ਦੀਨ ਦੁਖੀਆਂ ਦੀ ਫਰਿਆਦ ਸੁਣੋ ਤੇ ਉਹਨਾਂ ਦੇ ਦੁਖੜੇ ਦੂਰ ਕਰਨ ਦੀ ਕੋਸ਼ਿਸ਼ ਕਰੋ। ਲੋਕ ਭਲਾਈ ਦੇ ਕਾਰਜ ਕਰੋ।

ਜਦੋਂ ਇਕ ਵਾਰ ਸਿੱਖਾਂ ਨੇ ਗੁਰੂ ਜੀ ਤੋਂ ਪੁੱਛਿਆ ਕਿ ਸੁਹਣਾ ਕੌਣ ਹੈ ਤੇ ਕੁਸੁਹਣਾ ਕਿਹੜਾ ਹੈ? ਤਾਂ ਫੁਰਮਾਇਆ ਕਿ ਜਿਸ ਪਾਸ ਸ਼ਾਂਤੀ ਹੈ, ਹਿਰਦੇ ਵਿਚ ਠੰਡਕ ਹੈ, ਉਹ ਸੋਹਣਾ ਹੈ ਤੇ ਜੋ ਸਦਾ ਕਰੋਧ ਵਿਚ ਰਹਿੰਦਾ ਹੈ, ਸਾਜ਼ਸ਼ਾਂ ਘੜਦਾ ਰਹਿੰਦਾ ਹੈ, ਉਹ ਕੁਸੁਹਣਾ ਹੈ। ਸੁੰਦਰਤਾ ਦੇ ਸੋਮੇ ਵਾਹਿਗੁਰੂ ਨੂੰ ਹਿਰਦੇ ਵਿਚ ਵਸਾਈ ਰੱਖੀਏ ਤਾਂ ਸਦਾ ਸੁੰਦਰਤਾ ਰਹਿੰਦੀ ਹੈ। ਹੰਕਾਰੀ ਦੀ ਸੁੰਦਰਤਾ ਜਾਂਦੀ ਰਹਿੰਦੀ ਹੈ।

'ਮੁਕਤਾ' ਕੌਣ ਹੈ? ਦੇ ਉੱਤਰ ਵਿਚ ਗੁਰੂ ਸਾਹਿਬ ਦਾ ਬਚਨ ਸੀ ਕਿ ਜਿਸ ਨੂੰ ਦੁੱਖ-ਸੁਖ ਵਿਚ ਪਰਮਾਤਮਾ ਯਾਦ ਰਹੇ ਉਹ ਮੁਕਤਾ ਹੈ। ਸੰਸਾਰ ਦੇ ਸਾਰੇ ਸੁਖ ਪਾਸ ਹੋਂਦਿਆਂ ਵੀ ਜੇ ਪਰਮਾਤਮਾ ਭੁੱਲ ਜਾਵੇ ਤਾਂ ਉਹ ਅਮੁਕਤਾ ਹੈ। ਸਾਰੀ ਖੁਸ਼ੀ ਨਾਮ ਕਰਕੇ ਹੀ ਹੈ।

ਸਿੱਖਾਂ ਦੇ ਇਹ ਪੁੱਛਣ 'ਤੇ ਕਿ ਪਾਪ ਦਾ ਮੂਲ ਕੀ ਹੈ?—ਗੁਰੂ ਹਰਿ ਰਾਇ ਜੀ ਨੇ ਬਚਨ ਕੀਤਾ ਕਿ ਲੋਭ ਹੀ ਪਾਪਾਂ ਦਾ ਮੂਲ ਹੈ। ਲੋਭ ਝੂਠ ਤੋਂ ਉਪਜਦਾ ਹੈ। ਝੂਠ ਕਰਕੇ ਮਨੁੱਖ ਲੋਭੀ ਹੋ ਜਾਂਦਾ ਹੈ। ਸੱਚ ਨੂੰ ਕੋਲ ਰੱਖਣ ਕਰਕੇ ਝੂਠ ਪਾਸ ਨਹੀਂ ਫਟਕਦਾ। ਝੂਠ ਛੱਡਿਆ ਤਾਂ ਲੋਭ ਗਿਆ ਤੇ ਲੋਭ ਦੇ ਜਾਣ ਨਾਲ ਪਾਪਾਂ ਦਾ ਵੀ ਨਾਸ ਹੋ ਜਾਂਦਾ ਹੈ।

ਗੁਰੂ ਹਰਿ ਰਾਇ ਜੀ ਦਾ ਹੁਕਮ ਸੀ ਕਿ ਕਿਸੇ ਸਿੱਖ ਦੇ ਗੁਜ਼ਰ ਜਾਣ 'ਤੇ ਇਹ ਨਾ ਕਿਹਾ ਜਾਵੇ ਕਿ ਉਸਦੀ ਮੌਤ ਹੋ ਗਈ ਹੈ ਜਾਂ ਜਮ ਦੁਆਰੇ ਗਿਆ ਹੈ। ਸਦਾ ਇਹ ਹੀ ਕਹਿਣਾ ਹੈ ਕਿ 'ਅਕਾਲ ਚਲਾਣਾ' ਕੀਤਾ ਹੈ, ਅਕਾਲ ਪਾਸ ਗਿਆ ਹੈ।

ਗੁਰੂ ਜੀ ਸਿੱਖਾਂ ਨੂੰ ਭਾਈ ਕਹਿ ਕੇ ਸਤਿਕਾਰਦੇ ਸਨ। ਜਦੋਂ ਸੰਗਤਾਂ ਦੂਰੋਂ-ਦੂਰੋਂ ਦਰਸ਼ਨਾਂ ਨੂੰ ਆਉਂਦੀਆਂ ਤਾਂ ਉਨ੍ਹਾਂ ਦੀ ਵਡਿਆਈ ਕਰਦੇ। ਕਹਿੰਦੇ : ਮੇਰਾ ਵੀ ਤੁਹਾਡੇ ਵਰਗੇ

ਸਿੱਖਾਂ ਤੋਂ ਕੁਰਬਾਨ ਹੋਣ ਨੂੰ ਜੀਅ ਕਰਦਾ ਹੈ ਜੋ ਸ਼ਰਧਾ-ਵੱਸ ਇਤਨਾ ਲੰਮਾ ਪੈਂਡਾ ਤਹਿ ਕਰਕੇ, ਰਸਤੇ ਦੀਆਂ ਮੁਸ਼ਕਲਾਂ ਨੂੰ ਸਹਾਰਦੇ ਆਉਂਦੇ ਹਨ।

ਆਪ ਦਾ ਬਚਨ ਸੀ ਕਿ ਅਰਦਾਸ ਉਹੋ ਹੀ ਥਾਂਇ ਪੈਂਦੀ ਹੈ ਜੋ ਅੰਦਰੋਂ ਹੋਵੇ ਤੇ ਸ਼ੁੱਧ ਹਿਰਦੇ ਨਾਲ ਕੀਤੀ ਜਾਵੇ। ਉੱਤਮ ਅਰਦਾਸ ਇਹ ਹੀ ਹੈ ਕਿ ਸਰਬੱਤ ਦਾ ਭਲਾ ਮੰਗਿਆ ਜਾਵੇ।

ਗੁਰੂ ਹਰਿ ਰਾਇ ਜੀ ਹੱਥਾਂ ਨਾਲ ਸੇਵਾ ਕਰਨ 'ਤੇ ਬਹੁਤ ਜ਼ੋਰ ਦਿੰਦੇ ਸਨ। ਸੇਵਾ ਤਾਂ ਹੈ ਕਿ ਆਉਣ ਵਾਲੇ ਦਾ ਆਦਰ-ਸਤਿਕਾਰ ਕਰਨਾ, ਖੁਸ਼ੀ-ਖੁਸ਼ੀ ਪ੍ਰਸ਼ਾਦੇ ਛਕਾਉਣੇ, ਉਸ ਤੋਂ ਸਾਖੀਆਂ, ਸ਼ਬਦ ਸੁਣਨੇ ਤੇ ਉਸ ਨੂੰ ਸੁਣਾਉਣੇ। ਆਰਾਮ ਕਰਵਾਉਣਾ, ਅੰਮ੍ਰਿਤ ਵੇਲੇ ਇਸ਼ਨਾਨ ਕਰਾਉਣਾ। ਨਿਤਨੇਮ ਕਰਨਾ ਤੇ ਸੁਣਨਾ। ਗੁਰੂ ਦੀ ਖੁਸ਼ੀ ਇਸ ਵਿਚ ਹੀ ਹੈ ਕਿ ਹਰ ਸਮੇਂ ਆਏ ਅਤਿਥੀ ਨੂੰ ਪਿਆਰ ਨਾਲ ਪ੍ਰਸ਼ਾਦਾ ਛਕਾਇਆ ਜਾਏ।

ਗੁਰੂ ਸਾਹਿਬ ਉਪਦੇਸ਼ ਕਰਿਆ ਕਰਦੇ ਸਨ ਕਿ ਦੇਣ ਵਿਚ ਹੀ ਸੁਖ ਹੈ ਅਤੇ ਪਕੜ ਹੀ ਦੁੱਖਾਂ ਦਾ ਕਾਰਨ ਹੈ।

ਇਹ ਪੁੱਛਣ ਤੇ ਕਿ 'ਚੌਥਾ ਪਦ' ਕੀ ਹੈ ਅਤੇ ਕਿਵੇਂ ਪਾਇਆ ਜਾ ਸਕਦਾ ਹੈ? ਗੁਰੂ ਹਰਿ ਰਾਇ ਜੀ ਨੇ ਕਿਹਾ—'ਜਿਵੇਂ ਜਗਤ ਵਿਚ ਹਾੜ, ਸਿਆਲ ਤੇ ਸਾਵਣ ਤਿੰਨ ਰੁੱਤਾਂ ਹਨ ਉਸੇ ਤਰ੍ਹਾਂ ਆਤਮਕ ਜੀਵਨ ਵਿਚ ਵੀ ਤਿੰਨ ਅਵਸਥਾਵਾਂ ਹਨ। ਹਾੜ ਤਮੋ ਹੈ; ਤਮੋ-ਗੁਣੀ ਮਨੁੱਖ ਝਖਦਾ ਹੈ, ਟਿਕ ਕੇ ਨਹੀਂ ਬੈਠਦਾ, ਭਟਕਦਾ ਰਹਿੰਦਾ ਹੈ। ਸਿਆਲ ਰਜੋ ਹੈ; ਰਜੋ-ਗੁਣੀ ਮਨੁੱਖ ਕਰਦਾ ਕਰਾਉਂਦਾ ਕੁਝ ਨਹੀਂ, ਆਪਣੇ ਲਈ ਹੀ ਸੋਚਦਾ ਹੈ, ਸੁਭਾਉ ਨਿੱਜੀ-ਲਾਭ ਵਾਲਾ ਹੈ। ਸਤੋ ਗੁਣ ਸਾਵਣ ਦੀ ਤਰ੍ਹਾਂ ਹੈ; ਸਭ ਪਾਸੇ ਹਰਿਆਵਲ ਦੀ ਨਿਆਈਂ। ਪਰਉਪਕਾਰ ਕਰਦਾ ਹੈ, ਪਰ ਫਿਰ ਵੀ ਮਨ ਵਿਚ ਇਹ ਲਾਲਸਾ ਰਹਿੰਦੀ ਹੈ ਕਿ ਲੋਕੀਂ ਚੰਗਾ ਕਹਿਣ, ਉਸਦੀ ਵਾਹ-ਵਾਹ ਕਰਨ। ਗੁਰੂ ਗ੍ਰੰਥ ਸਾਹਿਬ ਜੀ ਵਿਚ ਚੌਥਾ ਪਦ ਸਭ ਤੋਂ ਉੱਚਾ ਦੱਸਿਆ ਹੈ। ਇਸ ਅਵਸਥਾ ਨੂੰ ਪੁੱਜਿਆ ਮਨੁੱਖ ਭਲਾ-ਕਰਮ ਵਾਹ ਵਾਹ ਲਈ ਨਾ ਕਰਕੇ ਧਰਮ ਜਾਣ ਕੇ ਕਰਦਾ ਹੈ। ਸਿੱਖਾਂ ਨੇ ਇਥੇ ਪੁੱਜਣ ਲਈ ਯਤਨ ਕਰਨਾ ਹੈ।

ਗੁਰੂ ਹਰਿ ਰਾਇ ਜੀ ਉਪਦੇਸ਼ ਕਰਦੇ ਸਨ ਕਿ ਉੱਦਮ ਕਰਨਾ ਮਨੁੱਖ ਦਾ ਫ਼ਰਜ਼ ਹੈ। ਰਿਜ਼ਕ ਪਹੁੰਚਾਉਣਾ ਉਸ ਮਾਲਕ ਦਾ ਕੰਮ ਹੈ। ਪਰਮਾਤਮਾ ਤਾਂ ਉਸ ਥਾਂ 'ਤੇ ਵੀ ਰਿਜ਼ਕ ਪਹੁੰਚਾ ਦਿੰਦਾ ਹੈ ਜਿਸ ਬਾਰੇ ਕੋਈ ਸੋਚ ਵੀ ਨਹੀਂ ਸਕਦਾ ਕਿ ਇਥੇ ਵੀ ਰਿਜ਼ਕ ਪਹੁੰਚ ਸਕਦਾ ਹੈ।

ਬ੍ਰਾਹਮਣ ਲੋਕ ਸਿੱਖਾਂ ਨੂੰ ਬਹਿਸਾਂ ਤੇ ਵਾਦ-ਵਿਵਾਦ ਵਿਚ ਉਲਝਾਉਣ ਦੀ ਬੜੀ ਕੋਸ਼ਿਸ਼ ਕਰਦੇ ਸਨ ਪਰੰਤੂ ਸਿੱਖ ਆਪਣੇ ਗੁਰੂ ਦੇ ਬਚਨਾਂ ਤੇ ਇਤਨਾ ਦ੍ਰਿੜ੍ਹ ਨਿਸ਼ਚਾ ਰੱਖਦੇ ਸਨ ਕਿ ਬ੍ਰਾਹਮਣਾਂ ਦੀਆਂ ਚਤੁਰਾਈਆਂ ਤੇ ਭਰਮ-ਭੁਲੇਖੇ ਪਾਉਣ ਦੇ ਸਭ ਜਤਨ ਨਿਸਫਲ ਹੋ ਜਾਂਦੇ ਸਨ। ਇਕ ਬ੍ਰਾਹਮਣ ਨੇ ਸਿੱਖਾਂ ਨੂੰ ਪੁੱਛ ਕੀਤੀ ਕਿ ਕੀ ਤੁਹਾਨੂੰ ਪਤਾ ਹੈ ਕਿ ਅਜਾਪ ਵਸਤੂ ਕੀ ਹੈ, ਮਨ ਦਾ ਮੇਰੂ ਕਿਹੜਾ ਹੈ ਤੇ ਜੀਅ ਦੀ ਕੋਠੜੀ ਕਿਸ ਥਾਂ 'ਤੇ ਹੈ? ਸਿੱਖਾਂ ਨੇ ਇਹ ਸਾਰੀ ਗੱਲ ਗੁਰੂ ਜੀ ਦੇ ਸਾਹਮਣੇ ਰੱਖੀ ਤਾਂ ਗੁਰੂ ਹਰਿ ਰਾਇ ਜੀ

ਨੇ ਫੁਰਮਾਇਆ—"ਅਜਾਪ ਵਸਤੂ ਸ਼ਬਦ ਦਾ ਗਿਆਨ" ਹੈ। ਮਨ ਦਾ ਮੇਰੂ 'ਮਤਿ' ਹੈ। ਜੀਅ ਦੀ ਕੋਠੜੀ 'ਸੁਰਤਿ' ਹੈ। ਗੁਰੂ ਦੇ ਸ਼ਬਦ ਨਾਲ ਮਤਿ ਨੂੰ ਕਾਬੂ ਕਰੋ ਤੇ ਗੁਰੂ ਦੇ ਸ਼ਬਦ ਨੂੰ ਸੁਰਤਿ ਵਿਚ ਟਿਕਾਓ, ਇਹ ਹੀ ਕਰਮਨ ਸਿਰ ਕਰਮਾ ਹੈ।

ਕਰਨਯੋਗ ਤੇ ਨਾ ਕਰਨਯੋਗ ਕੰਮਾਂ ਬਾਰੇ ਪੁੱਛਣ ਤੇ ਗੁਰੂ ਹਰਿ ਰਾਇ ਜੀ ਨੇ ਫੁਰਮਾਇਆ ਕਿ ਕਰਨਯੋਗ ਕੰਮ ਹਨ—ਪਰਾਈ ਇਸਤਰੀ ਤੋਂ ਦੂਰ ਰਹਿਣਾ, ਮੇਲ ਸ਼ਬਦ ਦਾ ਕਰਨਾ। ਜਿਥੇ ਗੁਰੂ ਵਿਸਰੇ ਉਥੇ ਨਹੀਂ ਮਿਲਣਾ। ਅੰਮ੍ਰਿਤ ਵੇਲੇ ਜਪੁ ਅਵੱਸ਼ ਪੜ੍ਹਨਾ। ਰਾਤ ਨੂੰ ਸੋਹਿਲਾ ਪੜ੍ਹ ਕੇ ਸੌਣਾ। ਸੰਗਤਿ ਵਿਚ ਹਰ ਰੋਜ਼ ਜਾਣਾ। ਗੁਰਦੁਆਰੇ ਜਾ ਕੇ ਹੋਰ ਕੋਈ ਕੰਮ, ਗੱਲਬਾਤ ਨਹੀਂ ਕਰਨੀ। ਲੋੜਵੰਦ, ਦੁਖੀ, ਨਿਮਾਣੇ ਨੂੰ ਮਾਣ ਦੇਣਾ, ਦੁਰਕਾਰਨਾ ਨਹੀਂ। ਪਰਉਪਕਾਰ ਕਰਨਾ ਤੇ ਕਰਾਉਣਾ, ਧਰਮ ਦੀ ਕਿਰਤ ਕਰਨੀ, ਗੁਰੂ-ਦਰ ਨਹੀਂ ਛੋੜਨਾ। ਗੁਰੂ ਤੋਂ ਬੇਮੁਖ ਨੂੰ ਗੁਰਮੁਖ ਬਣਾਉਣਾ। ਸਰਬੱਤ ਦਾ ਭਲਾ ਮੰਗਣਾ।

# ਗੁਰੂ ਜੀ ਦੇ ਪ੍ਰਮੁੱਖ ਸਿੱਖ

**ਭਾਈ ਪੁੰਗਰ ਜੀ :** ਭਾਈ ਪੁੰਗਰ ਜੀ ਐਸੇ ਗੁਰਸਿੱਖ ਸਨ ਜੋ ਸਬਰ ਸੰਤੋਖ ਦੀ ਮੂਰਤ ਸਨ। ਕਿਰਤ ਕਰਨੀ, ਨਾਮ ਜਪਣਾ ਤੇ ਵੰਡ ਛਕਣਾ, ਉਨ੍ਹਾਂ ਅਮਲੀ ਜੀਵਨ ਵਿਚ ਢਾਲ ਲਿਆ ਸੀ। ਪਰਾਏ ਹੱਕ ਵੱਲ ਉਹ ਕਦੇ ਵੀ ਝਾਕਦੇ ਨਹੀਂ ਸਨ। ਆਪਣੀ ਮਿਹਨਤ ਤੇ ਹੱਕ ਹਲਾਲ ਦੀ ਕਮਾਈ ਹੀ ਉਨ੍ਹਾਂ ਲਈ ਛੱਤੀ ਪਦਾਰਥ ਸਨ। ਖੇਤੀ-ਬਾੜੀ ਕਰਦੇ ਤੇ ਹਰ ਆਏ ਗਏ ਦੀ ਤਨੋਂ ਮਨੋਂ ਸੇਵਾ ਕਰਦੇ ਸਨ। ਇਕ ਵਾਰੀ ਇਕ ਸਾਧੂ ਉਸ ਪਿੰਡ ਵਿਚ ਆਇਆ। ਪਿੰਡ ਦੇ ਲੋਕਾਂ ਨੇ ਉਸ ਨੂੰ ਭਾਈ ਪੁੰਗਰ ਦੇ ਘਰ ਭੇਜ ਦਿੱਤਾ। ਭਾਈ ਪੁੰਗਰ ਨੇ ਜੀ ਬੜੇ ਖੁਲ੍ਹੇ ਦਿਲ ਨਾਲ ਉਸਦੀ ਸੇਵਾ ਕੀਤੀ। ਸੇਵਾ ਤੋਂ ਖੁਸ਼ ਹੋ ਕੇ ਸਾਧੂ ਨੇ ਆਪਣੀ ਰਸਾਇਣ ਦੀ ਡੱਬੀ, ਜਿਸ ਨਾਲ ਲੋਹੇ ਨੂੰ ਸੋਨਾ ਬਣਾਇਆ ਜਾ ਸਕਦਾ ਸੀ, ਭਾਈ ਪੁੰਗਰ ਜੀ ਨੂੰ ਭੇਟ ਕਰਨੀ ਚਾਹੀ ਪਰ ਉਨ੍ਹਾਂ ਨੇ ਲੈਣ ਤੋਂ ਨਾਂਹ ਕਰ ਦਿੱਤੀ। ਕਹਿਣ ਲੱਗੇ ਮੁਫ਼ਤ ਦਾ ਧਨ ਸਦਾ ਮੁਸੀਬਤਾਂ ਹੀ ਪੈਦਾ ਕਰਦਾ ਹੈ। ਗੁਰੂ ਹੁਕਮ ਤਾਂ ਕੇਵਲ ਹੱਕ ਦੀ ਕਮਾਈ, ਜੋ ਆਪਣੀ ਮਿਹਨਤ ਤੇ ਈਮਾਨਦਾਰੀ ਨਾਲ ਕੀਤੀ ਜਾਵੇ, ਵਰਤਣ ਦਾ ਹੈ। ਇਹ ਸੁਣ ਕੇ ਉਸ ਸਾਧੂ ਦੇ ਮਨ ਨੂੰ ਵੀ ਸ਼ਾਂਤੀ ਆਈ ਜੋ ਟਿਕਾਅ ਪ੍ਰਾਪਤ ਕਰਨ ਲਈ ਇਧਰ-ਉਧਰ ਭਟਕ ਰਿਹਾ ਸੀ।

**ਭਾਈ ਫੇਰੂ ਜੀ :** ਲੰਮੇ ਦੇਸ, ਜੋ ਰਾਵੀ ਤੇ ਬਿਆਸ ਦੇ ਵਿਚਕਾਰ ਦਾ ਇਲਾਕਾ ਹੈ, ਵਿਚ ਮੀਏ ਕੇ ਮੋੜ ਪਰਗਨੇ ਵਿਚ, ਪਿੰਡ ਅੰਬਮਾੜੀ (ਜ਼ਿਲ੍ਹਾ ਲਾਹੌਰ) ਵਿਚ ਸੰਨ 1640 ਵਿਚ ਭਾਈ ਬਿਨੇ ਦੇ ਘਰ ਬਾਲਕ ਨੇ ਜਨਮ ਲਿਆ। ਬਚਪਨ ਤੋਂ ਹੀ ਕੰਮ ਧੰਧਾ ਕਰਨ ਲੱਗ ਪਿਆ ਤੇ ਫੇਰੀ ਲਾ ਕੇ ਘਿਉ ਤੇ ਹੋਰ ਸੌਦਾ ਵੇਚਿਆ ਕਰਦਾ ਸੀ। ਕੰਮ ਚੰਗਾ ਚੱਲ ਪਿਆ ਤੇ ਗੁਰੂ ਘਰ ਦੀ ਸੋਭਾ ਸੁਣ ਕੇ ਕੀਰਤਪੁਰ ਆ ਗਿਆ। ਇਥੇ ਵੀ ਫੇਰੀ ਦਾ ਕੰਮ ਕਰੇ ਤੇ ਨਾਲ ਹੀ ਲੰਗਰ ਦੀ ਸੇਵਾ ਵੀ ਕਰੇ। ਸੰਗਤ ਦੀ ਲਾਗ ਲੱਗਣ ਤੇ ਗੁਰੂ ਹਰਿ ਰਾਇ ਜੀ ਦਾ ਸਿੱਖ ਬਣਿਆ ਤੇ ਨਾਮ ਫੇਰੂ ਪਿਆ ਕਿਉਂ ਜੋ ਫੇਰੀ ਲਗਾਂਦੇ ਹੋਏ ਹੀ ਸਿੱਖੀ ਦੀ ਦਾਤ ਮਿਲੀ ਸੀ। ਬੜੀ ਸ਼ਰਧਾ ਤੇ ਲਗਨ ਨਾਲ ਗੁਰੂ ਕੇ ਲੰਗਰਾਂ ਦੀ ਸੇਵਾ ਕਰਦੇ। ਗੁਰੂ ਸਾਹਿਬ ਨੇ ਬਖ਼ਸ਼ਿਸ਼ ਕੀਤੀ ਤੇ ਲੰਮੇ ਦੇਸ ਵਿਚ ਸਿੱਖੀ ਦਾ ਪ੍ਰਚਾਰ ਕਰਨ ਲਈ ਪ੍ਰਚਾਰਕ ਬਣਾ ਕੇ ਭੇਜਿਆ। ਆਪ ਜੀ ਨੇ ਮੀਏ ਕੇ ਮੋੜ ਦੀ ਜੂਹ ਤੇ ਡੇਰਾ ਜਮਾਇਆ। ਪ੍ਰਭੂ-ਨਾਮ ਜਪਾਉਣ ਤੇ ਲੰਗਰ ਚਲਾਉਣ ਲੱਗ ਪਏ।

ਦਸਵੇਂ ਪਾਤਸ਼ਾਹ ਦੇ ਸਮੇਂ ਤੱਕ ਭਾਈ ਫੇਰੂ ਜੀ ਦੀ ਸ਼ੋਭਾ ਬਹੁਤ ਫੈਲ ਚੁੱਕੀ ਸੀ। ਜਦ ਦਸਵੇਂ ਪਾਤਸ਼ਾਹ ਨੇ ਮਸੰਦ ਪ੍ਰਥਾ ਬੰਦ ਕੀਤੀ ਤੇ ਸੰਗਤਾਂ ਨੂੰ ਹੁਕਮ ਕੀਤਾ ਕਿ ਸਭ ਭ੍ਰਿਸ਼ਟ ਮਸੰਦਾਂ ਨੂੰ ਮੁਸ਼ਕਾਂ ਬੰਨ੍ਹ ਕੇ ਅਨੰਦਪੁਰ ਸਾਹਿਬ ਹਾਜ਼ਰ ਕੀਤਾ ਜਾਵੇ। ਭਾਈ ਫੇਰੂ ਜੀ ਦੀ ਜੀਵਨ ਜੁਗਤ ਤੇ ਸੇਵਾ ਦੇਖ ਕੇ ਕਿਸੇ ਦਾ ਹੀਆ ਉਨ੍ਹਾਂ ਦੀਆਂ ਮੁਸ਼ਕਾਂ ਬੰਨ੍ਹਣ ਦਾ ਨਾ ਪਿਆ। ਭਾਈ ਫੇਰੂ ਜੀ ਨੇ ਆਪ ਮੁਸ਼ਕਾਂ ਬੰਨ੍ਹਣ ਲਈ ਕਿਹਾ। ਸਿੱਖਾਂ ਨੇ ਕਿਹਾ ਕਿ ਅਨੰਦਪੁਰ ਸਾਹਿਬ ਦੇ ਕੋਲ ਜਾ ਕੇ ਮੁਸ਼ਕਾਂ ਕੱਸ ਲਵਾਂਗੇ ਹੁਣ ਇਸੀ ਤਰ੍ਹਾਂ ਹੀ ਲੈ ਚਲਦੇ ਹਾਂ। ਅਨੰਦਪੁਰ ਸਾਹਿਬ ਪਹੁੰਚ ਕੇ ਗੁਰੂ ਸਾਹਿਬ ਦੇ ਸਾਹਮਣੇ ਬੱਧੇ ਹੋਏ ਪੇਸ਼ ਕੀਤੇ ਗਏ ਤਾਂ ਗੁਰੂ ਗੋਬਿੰਦ ਸਿੰਘ ਜੀ ਨੇ ਕਿਹਾ ਕਿ ਫੇਰੂ ਜੀ ਦੀ ਸੁਚੀ ਦਾੜ੍ਹੀ ਹੈ। ਇਨ੍ਹਾਂ ਦੀ ਸੇਵਾ ਤੇ ਪ੍ਰਸੰਨ ਹੋ

ਕੇ ਇਨ੍ਹਾਂ ਨੂੰ "ਸੰਗਤਿ ਸਾਹਿਬ" ਦੀ ਪਦਵੀ ਬਖ਼ਸ਼ੀ।

**ਭਾਈ ਕਾਲਾ :** ਭਾਈ ਕਾਲਾ ਜੀ ਗੁਰੂ ਘਰ ਦੇ ਖੇਤਾਂ ਦੀ ਸੰਭਾਲ ਕਰਿਆ ਕਰਦੇ ਸਨ। ਇਕ ਦਿਨ ਜਦੋਂ ਉਹ ਕਲਿਆਨਪੁਰ ਦੀ ਖੇਤੀ ਦੀ ਉਪਜ ਲੈਣ ਗਏ ਤਾਂ ਉਨ੍ਹਾਂ ਦੇਖਿਆ ਕਿ ਕਈ ਲੋੜਵੰਦ ਲੋਕ ਇਕੱਠੇ ਹੋਏ ਹੋਏ ਸਨ। ਇਹ ਉਹ ਸਮਾਂ ਸੀ ਜਦੋਂ ਇਲਾਕੇ ਦੇ ਵਿਚ ਕਾਲ ਪਿਆ ਹੋਇਆ ਸੀ। ਭਾਈ ਜੀ ਨੇ ਸਾਰੀ ਉਪਜ ਉਨ੍ਹਾਂ ਲੋੜਵੰਦਾਂ ਨੂੰ ਵੰਡ ਦਿੱਤੀ ਅਤੇ ਖਾਲੀ ਹੱਥ ਵਾਪਸ ਆ ਗਏ। ਗੁਰੂ ਜੀ ਨੂੰ ਸਾਰੀ ਬੀਤੀ ਸੁਣਾਈ ਤੇ ਬੇਨਤੀ ਕੀਤੀ ਕਿ ਆਪ ਜੀ ਦੇ ਹੁਕਮ ਅਨੁਸਾਰ ਗਰੀਬਾਂ ਦੇ ਮੂੰਹ ਵਿਚ ਪਾ ਕੇ ਆਇਆ ਹਾਂ, ਕਿਉਂਕਿ ਆਪ ਜੀ ਦਾ ਹੁਕਮ ਹੈ ਕਿ ਗਰੀਬ ਦਾ ਮੂੰਹ ਗੁਰੂ ਕੀ ਗੋਲਕ ਹੈ। ਇਥੇ ਵੀ ਸੰਗਤਾਂ ਨੇ ਹੀ ਉਹ ਉਪਜ ਛਕਣੀ ਸੀ ਤੇ ਉਥੇ ਵੀ ਆਪ ਜੀ ਦੇ ਸੇਵਕਾਂ ਨੇ ਹੀ ਛਕਿਆ ਹੈ। ਇਹ ਸੁਣ ਕੇ ਗੁਰੂ ਜੀ ਬੜੇ ਪ੍ਰਸੰਨ ਹੋਏ।

**ਭਗਤ ਭਗਵਾਨ :** ਭਗਤ ਭਗਵਾਨ, ਜਿਸਦਾ ਪਹਿਲਾ ਨਾਮ ਭਗਤ ਗਿਰਿ ਸੀ, ਬੋਧ ਗਇਆ (ਬਿਹਾਰ) ਦਾ ਸਾਧੂ ਸੀ। ਕੀਰਤਪੁਰ ਆ ਕੇ ਗੁਰੂ ਹਰਿ ਰਾਇ ਸਾਹਿਬ ਜੀ ਦੇ ਦਰਸ਼ਨ ਕੀਤੇ। ਮਨ ਵਿਚ ਟਿਕਾਅ ਆ ਗਿਆ ਤੇ ਸਿੱਖੀ ਧਾਰਨ ਕੀਤੀ। ਬੜਾ ਹੀ ਸ਼ਰਧਾਵਾਨ ਸਿੱਖ ਬਣਿਆ। ਇਸ ਨੇ ਆਪਣੇ ਪਹਿਲੇ ਵਾਲੇ ਸਾਥੀ ਸਾਧੂਆਂ ਨੂੰ ਵੀ ਸਿੱਖੀ ਦਾਇਰੇ ਵਿਚ ਲਿਆਂਦਾ। ਇਨ੍ਹਾਂ ਸਾਧੂਆਂ ਨੇ ਯੂ. ਪੀ., ਬਿਹਾਰ ਤੇ ਹੋਰ ਕਈ ਥਾਵਾਂ ਤੇ 360 ਤੋਂ ਵੀ ਵੱਧ ਡੇਰੇ ਬਣਾ ਕੇ ਸਿੱਖੀ ਦਾ ਪ੍ਰਚਾਰ ਕੀਤਾ। ਜਿਥੇ ਜਿਥੇ ਵੀ ਪਤਾ ਲੱਗਾ ਕਿ ਇਥੇ ਗੁਰੂ ਨਾਨਕ ਦੇਵ ਜੀ ਨੇ ਚਰਨ ਪਾਏ ਸਨ, ਢੂੰਢ ਕੇ ਗੁਰਦੁਆਰੇ ਸਥਾਪਤ ਕੀਤੇ। ਭਗਤ ਭਗਵਾਨ ਦੀ ਗੱਦੀ ਦਾਨਾਪੁਰ ਵਿਚ ਹੈ, ਜੋ ਪਟਨੇ ਦੇ ਨੇੜੇ ਹੈ।

**ਮਾਈ ਤਾਬੋ :** ਮਾਈ ਤਾਬੋ ਗੁਰੂ ਪਿਆਰ ਵਿਚ ਸਿੱਕ ਲਾਈ ਬੈਠੀ ਸੀ ਕਿ ਗੁਰੂ ਹਰਿ ਰਾਇ ਜੀ ਉਸ ਗਰੀਬਣੀ ਦੀ ਝੌਂਪੜੀ ਵਿਚ ਆ ਕੇ ਆਵਾਜ਼ ਮਾਰਨ ਤੇ ਉਸਦੇ ਹੱਥ ਦਾ ਬਣਿਆ ਪ੍ਰਸ਼ਾਦਾ ਛਕਣ। ਕਿਰਤ ਕਰਕੇ, ਇਕ ਇਕ ਟਕਾ ਕਮਾ ਕੇ, ਘਿਉ ਖੰਡ ਵਿਚ ਗੁੰਨ੍ਹ ਕੇ ਮਾਈ ਨੇ ਪ੍ਰਸ਼ਾਦੇ ਪਕਾਏ। ਮਿਠੇ ਪ੍ਰਸ਼ਾਦੇ ਬਣੇ ਤੇ ਗੁਰੂ ਜੀ ਦੀ ਉਡੀਕ ਕਰਨ ਲੱਗ ਪਈ। ਗੁਰੂ ਹਰਿ ਰਾਇ ਜੀ ਸ਼ਿਕਾਰ ਦੇ ਬਹਾਨੇ ਦੂਰ ਨਿਕਲ ਗਏ ਤੇ ਘੋੜੇ ਤੇ ਚੜ੍ਹੇ-ਚੜ੍ਹੇ ਹੀ ਝੌਂਪੜੀ ਦੇ ਕੋਲ ਆ ਕੇ ਆਵਾਜ਼ ਮਾਰੀ : "ਮਾਤਾ ਜੀ, ਪ੍ਰਸ਼ਾਦਾ ਛਕਾਓ, ਬੜੀ ਭੁੱਖ ਲੱਗੀ ਹੈ।" ਮਾਈ ਪ੍ਰੇਮ ਵਿੰਨੀ ਭੱਜੀ ਭੱਜੀ ਪ੍ਰਸ਼ਾਦਾ ਲੈ ਕੇ ਆਈ। ਘੋੜੇ ਤੇ ਚੜ੍ਹੇ ਹੀ ਗੁਰੂ ਜੀ ਨੇ ਪ੍ਰਸ਼ਾਦਾ ਛਕਿਆ। ਮਾਈ ਤਾਬੋ ਚਰਨ ਪਰਸ ਕੇ ਬੜੀ ਪ੍ਰਸੰਨ ਹੋਈ।

ਅਗਲੇ ਦਿਨ ਜਦ ਗੁਰੂ ਜੀ ਸ਼ਿਕਾਰ ਤੇ ਗਏ ਤਾਂ ਸਾਥੀ ਸਵਾਰਾਂ ਨੇ ਪ੍ਰਸ਼ਾਦੇ ਨਾਲ ਹੀ ਰੱਖ ਲਏ ਤੇ ਸਮਾਂ ਹੋਣ ਤੇ ਪ੍ਰਸ਼ਾਦੇ ਛਕਣ ਲਈ ਕਿਹਾ। ਗੁਰੂ ਜੀ ਕਹਿਣ ਲੱਗੇ ਤੁਸੀਂ ਜਾਣਦੇ ਹੀ ਹੋ ਕਿ ਪ੍ਰਸ਼ਾਦਾ ਤਾਂ ਲੰਗਰ ਵਿਚ ਬੈਠ ਕੇ ਹੀ ਛਕੀਦਾ ਹੈ। ਸਿੱਖਾਂ ਬੇਨਤੀ ਕੀਤੀ ਕਿ ਕੱਲ੍ਹ ਤਾਂ ਆਪ ਨੇ ਘੋੜੇ ਤੇ ਚੜ੍ਹੇ ਹੀ ਛਕ ਲਿਆ ਸੀ। ਗੁਰੂ ਸਾਹਿਬ ਬੋਲੇ ਪਿਆਰੇ ਸਿਖੋ! ਕੱਲ੍ਹ ਤਾਂ ਮਾਈ ਕਿਰਤ ਕਰਕੇ ਪ੍ਰੇਮ ਵਿਚ ਭਿੱਜੀ ਬੈਠੀ ਸੀ ਤੇ ਮੈਂ ਉਸ ਦੇ ਪ੍ਰੇਮ ਦਾ ਭੋਜਨ ਛਕਣ ਚਲਿਆ ਗਿਆ। ਇਹ ਰੀਤ ਤਾਂ ਗੁਰੂ ਨਾਨਕ ਦੇਵ ਜੀ ਦੀ ਹੈ।

**ਸੁਥਰਾਂ ਸ਼ਾਹ :** ਮੌਲਵੀ ਨੂਰ ਅਹਿਮਦ ਚਿਸ਼ਤੀ ਅਨੁਸਾਰ 'ਸੁਥਰਾ' ਪਿੰਡ ਬਹਿਰਾਮਪੁਰ, ਬਾਰਾਮੂਲਾ (ਕਸ਼ਮੀਰ) ਵਿਚ ਖੱਤਰੀਆਂ ਦੇ ਘਰ ਜੰਮਿਆ ਸੀ। ਇਸਦੇ ਜਨਮ ਸਮੇਂ ਹੀ ਇਸਦੇ ਮੂੰਹ ਵਿਚ ਦੰਦੀਆਂ ਸਨ। ਮਾਂ-ਬਾਪ ਨੇ ਕੁਸ਼ਗਨਾ ਸਮਝ ਕੇ ਬਾਹਰ ਸੁੱਟ ਦਿੱਤਾ। ਗੁਰੂ ਹਰਿਗੋਬਿੰਦ ਸਾਹਿਬ ਜਾ ਰਹੇ ਸਨ ਤਾਂ ਬਾਲਕ ਦੇ ਰੋਣ ਦੀ ਆਵਾਜ਼ ਸੁਣਾਈ ਦਿੱਤੀ। ਵੇਖ ਕੇ ਕਿਹਾ ਕਿ ਕਿਤਨਾ ਸੁਥਰਾ ਬੱਚਾ ਪਿਆ ਹੈ, ਚੁੱਕ ਕੇ ਸੰਭਾਲੋ ਤੇ ਪਾਲਣਾ ਕਰੋ। ਗੁਰੂ ਜੀ ਦੇ ਮੁੱਖ ਤੋਂ ਸੁਥਰਾ ਸ਼ਬਦ ਸੁਣ ਕੇ ਸਿੱਖਾਂ ਨੇ ਉਸਦਾ ਨਾਮ ਹੀ 'ਸੁਥਰਾ' ਰੱਖ ਲਿਆ। ਪੰਜ ਸਾਲ ਬਾਅਦ ਮਾਂ-ਬਾਪ ਪਛਤਾਵਾ ਕਰਕੇ ਬੱਚੇ ਨੂੰ ਘਰ ਲੈ ਗਏ। ਮਾਂ-ਬਾਪ ਦੇ ਮਰਨ ਤੋਂ ਬਾਅਦ ਸਾਰੇ ਘਰ ਦਾ ਸਾਮਾਨ ਆਦਿ ਲੋਕਾਂ ਵਿਚ ਵੰਡ ਕੇ ਸੁਥਰਾ ਗੁਰੂ ਦਰਬਾਰ ਵਿਚ ਆ ਗਿਆ। ਆਉਂਦੇ ਹੀ ਗੁਰੂ ਜੀ ਨੇ ਕਿਹਾ—"ਆਓ ਸੁਥਰੇ ਸ਼ਾਹ!" ਇਸ ਤੇ ਸਾਰੇ ਹੀ "ਸੁਥਰੇ ਸ਼ਾਹ" ਬੁਲਾਉਣ ਲੱਗ ਪਏ। ਬੜਾ ਹੱਸਮੁਖ ਸੀ। ਗੁਰੂ ਸੇਵਾ ਕਰਨ ਕਰਕੇ ਕੁਝ ਸੱਤਿਆ ਵੀ ਆ ਗਈ ਸੀ ਬੋਲਾਂ ਵਿਚ। ਪ੍ਰਚਾਰ ਦਾ ਢੰਗ ਵੀ ਮਜ਼ਾਕੀਆ ਸੀ। ਇਕ ਵਾਰੀ ਗੁਰੂ ਜੀ ਬਚਨ ਕਰ ਰਹੇ ਸਨ ਤਾਂ ਸੁਥਰਾ ਪਿਠ ਕਰਕੇ ਖਲੋ ਗਿਆ। ਸੰਗਤਾਂ ਨੇ ਬੁਰਾ ਮਨਾਇਆ। ਗੁਰੂ ਹਰਿ ਰਾਇ ਜੀ ਨੇ ਪੁੱਛਿਆ ਕਿ ਉਸ ਨੇ ਪਿੱਠ ਕਿਉਂ ਕੀਤੀ ਹੈ?ਸੁਥਰਾ ਕਹਿੰਦਾ—ਮਹਾਰਾਜ! ਪਹਿਲਾਂ ਤਾਂ ਮੈਂ ਆਪ ਜੀ ਦੇ ਬਚਨ ਮੂੰਹ ਤੇ ਝੱਲਦਾ ਰਿਹਾ ਪਰ ਬਚਨਾਂ ਦੀ ਮਾਰ ਨਾ ਸਹਾਰ ਸਕਿਆ ਇਸ ਲਈ ਪਿੱਠ ਕਰ ਲਈ ਕਿ ਪਿੱਠ ਤੇ ਉਹ ਮਾਰ ਝੱਲ ਸਕਾਂ। ਮੈਂ ਨਹੀਂ ਜਾਣਦਾ ਕਿ ਸੰਗਤ ਆਪ ਜੀ ਦੇ ਬਚਨਾਂ ਦੀ ਮਾਰ ਕਿਸ ਤਰ੍ਹਾਂ ਸਹਾਰ ਲੈਂਦੀ ਹੈ?ਇਕ ਵਾਰੀ ਇਕ ਸਾਧੂ ਸੀਤਲ ਦਾਸ ਦਰਬਾਰ ਵਿਚ ਆਇਆ। ਉਸਨੂੰ ਉਂਗਲਾਂ ਦਿਖਾ ਕੇ ਹੀ ਦੱਸ ਦਿਤਾ ਕਿ ਉਹ ਸਿਰਫ਼ ਨਾਂ ਦਾ ਹੀ ਸੀਤਲ ਹੈ, ਅੰਦਰ ਤਾਂ ਉਸਦੇ ਅੱਗ ਬਲ ਰਹੀ ਸੀ। ਔਰੰਗਜ਼ੇਬ ਦੇ ਸਾਹਮਣੇ ਕਹਿਣ ਦੀ ਹਿੰਮਤ ਕੀਤੀ ਕਿ—ਦਿਲ ਰੱਬ ਦੀ ਮਸੀਤ ਹੈ ਇਸ ਨੂੰ ਨਾ ਢਾਹ। ਗੁਰੂ ਹਰਿ ਰਾਇ ਜੀ ਨੇ ਸੁਥਰੇ ਦੀ ਹਿੰਮਤ, ਅਡੋਲ ਸੁਰਤਿ ਤੇ ਪਵਿੱਤਰਤਾ ਦੇਖ ਕੇ ਬਖ਼ਸ਼ਿਸ਼ ਕੀਤੀ ਤੇ ਪ੍ਰਚਾਰਕ ਬਣਾਇਆ। ਭਾਈ ਸੁਥਰੇ ਸ਼ਾਹ ਨੇ 56 ਸਾਲ ਦੀ ਉਮਰ ਭੋਗੀ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਅਕਾਲ ਚਲਾਣਾ ਕਰ ਗਏ।

**ਭਾਈ ਭਗਤੂ ਤੇ ਭਾਈ ਗੌਰਾ :** ਭਾਈ ਭਗਤੂ ਗੁਰੂ ਅਰਜਨ ਦੇਵ ਜੀ ਦੇ ਸਮੇਂ ਦੇ ਸਿੱਖ ਸਨ, ਅੰਮ੍ਰਿਤਸਰ ਦੀ ਉਸਾਰੀ ਵਿਚ ਬੜੀ ਸੇਵਾ ਕੀਤੀ। ਗੁਰੂ ਹਰਿਗੋਬਿੰਦ ਜੀ ਦੇ ਸਮੇਂ ਵੀ ਅਥਾਹ ਸੇਵਾ ਕਰਦੇ ਰਹੇ। ਕੀਰਤਪੁਰ ਦੀ ਉਸਾਰੀ ਵੀ ਆਪਣੇ ਹੱਥੀਂ ਕਰਵਾਈ। ਗੁਰੂ ਹਰਿ ਰਾਇ ਸਮੇਂ ਤਾਂ ਉਸਾਰੀ ਦੇ ਨਿਗਰਾਨ ਹੀ ਇਹ ਸਨ। ਗੁਰੂ ਹਰਿ ਰਾਇ ਜੀ ਨੇ ਆਪ ਜੀ ਨੂੰ ਮਾਲਵਾ ਪ੍ਰਚਾਰਕ ਬਣਾ ਕੇ ਭੇਜਿਆ। ਇਨ੍ਹਾਂ ਦੇ ਦੋ ਪੁੱਤਰ ਭਾਈ ਗੌਰਾ ਤੇ ਭਾਈ ਜੀਵਨ ਸਨ। ਦੋਨੋਂ ਹੀ ਬੜੇ ਜੋਧੇ ਤੇ ਪਰਉਪਕਾਰੀ ਸਨ। ਭਾਈ ਭਗਤੂ ਦੀ ਉਮਰ ਵਡੇਰੀ ਹੋਣ ਕਾਰਨ ਤੇ ਧਰਮ ਪਤਨੀ ਗੁਜ਼ਰ ਜਾਣ ਕਾਰਨ ਗੁਰੂ ਹਰਿ ਰਾਇ ਪਾਸ ਕੀਰਤਪੁਰ ਆ ਗਏ। ਸਿਹਤ ਢਿੱਲੀ ਹੋ ਜਾਣ ਅਤੇ ਗੁਰੂ ਬਚਨਾਂ ਨੂੰ ਮੰਨ ਕੇ ਆਪ ਨੇ ਹੋਰ ਵਿਆਹ ਕਰਵਾ ਲਿਆ। ਕੁਝ ਦਿਨਾਂ ਮਗਰੋਂ ਆਪ ਜੀ ਅਕਾਲ ਚਲਾਣਾ ਕਰ ਗਏ। ਇਨ੍ਹਾਂ ਦਾ ਵੱਡਾ ਪੁੱਤਰ ਗੌਰਾ ਭਾਈ ਭਗਤੂ ਜੀ ਦੀ ਦੂਜੀ ਪਤਨੀ ਨੂੰ ਮਾਂ ਵਾਂਗ ਹੀ ਆਦਰ ਦੇਂਦਾ ਸੀ। ਕਿਉਂਕਿ ਸਿੱਖਾਂ ਵਿਚ ਵਿਧਵਾ ਵਿਆਹ ਦੀ ਕੋਈ ਰੋਕ ਨਹੀਂ ਸੀ ਸੋ ਗੁਰੂ ਹਰਿ

ਰਾਇ ਜੀ ਦੇ ਚੌਰ-ਬਰਦਾਰ ਭਾਈ ਜੱਸਾ ਨੇ ਭਾਈ ਭਗਤੂ ਦੀ ਵਿਧਵਾ ਨਾਲ ਵਿਆਹ ਕਰਨ ਦਾ ਖਿਆਲ ਪ੍ਰਗਟ ਕੀਤਾ। ਗੋਰਾ ਨੂੰ ਇਹ ਚੰਗਾ ਨਾ ਲੱਗਾ ਤੇ ਉਸਨੇ ਜੱਸਾ ਨੂੰ ਕਤਲ ਕਰ ਦਿੱਤਾ। ਗੁਰੂ ਹਰਿ ਰਾਇ ਜੀ ਨੇ ਇਸ ਨੂੰ ਪਸੰਦ ਨਾ ਕੀਤਾ। ਗੋਰਾ ਵੀ ਇਸ ਤੇ ਬੜਾ ਪਛਤਾਇਆ ਤੇ ਭੁੱਲ ਬਖ਼ਸ਼ਾਣ ਲਈ ਸੇਵਾ ਕਰਦਾ ਰਿਹਾ। ਜਿਥੇ ਵੀ ਗੁਰੂ ਜੀ ਜਾਣ ਇਹ ਵੀ ਕੁਝ ਦੂਰੀ ਤੇ ਰਹਿ ਕੇ ਪਿਛੇ ਰਾਖੀ ਕਰੇ, ਘੋੜਿਆਂ ਦੀ ਸੇਵਾ ਕਰੇ। ਇਕ ਵਾਰੀ ਜਦ ਗੁਰੂ ਜੀ ਕਰਤਾਰਪੁਰ ਦੇ ਨੇੜੇ ਪਲਾਹੀ ਦੇ ਸਥਾਨ ਤੇ ਸੰਗਤਾਂ ਨੂੰ ਤਾਰ ਰਹੇ ਸਨ ਤਾਂ ਪਿਛੋਂ ਗੁਰੂ-ਮਹਿਲ ਤੇ ਸਾਹਿਬਜ਼ਾਦਿਆਂ ਨੂੰ ਇਕੱਲਾ ਜਾਣ ਕੇ ਮੁਖਲਿਸ ਖ਼ਾਨ ਦੇ ਪੁੱਤਰ ਮੁਹੰਮਦੇ ਯਾਰ ਖਾਂ ਨੇ ਹੱਲਾ ਬੋਲ ਦਿੱਤਾ। ਭਾਈ ਗੋਰਾ ਜੋ ਪਿਛੇ ਆ ਰਿਹਾ ਸੀ, ਨੇ ਮੁਹੰਮਦ ਯਾਰ ਖਾਂ ਦਾ ਡਟ ਕੇ ਮੁਕਾਬਲਾ ਕੀਤਾ ਤੇ ਉਸ ਨੂੰ ਭਜਾ ਦਿੱਤਾ। ਗੁਰੂ ਜੀ ਨੇ ਭਾਈ ਗੋਰੇ ਦੀ ਕੁਰਬਾਨੀ ਨੂੰ ਵੇਖਦੇ ਹੋਏ ਉਸਨੂੰ ਸੱਦ ਭੇਜਿਆ ਤੇ ਉਸਦੀ ਭੁੱਲ ਬਖ਼ਸ਼ ਦਿੱਤੀ।

**ਬ੍ਰਾਹਮਣਾਂ ਵਲੋਂ ਵਿਰੋਧਤਾ :** ਗੁਰੂ ਹਰਿ ਰਾਇ ਜੀ ਜਦੋਂ ਕਰਤਾਰਪੁਰ ਆਏ ਤਾਂ ਧੀਰਮਲ ਨੇ ਗੁਰੂ ਜੀ ਵਿਰੁੱਧ ਬੜਾ ਕੋੜਾ ਪ੍ਰਚਾਰ ਕੀਤਾ। ਬ੍ਰਾਹਮਣ ਲੋਕ ਵੀ ਗੁਰੂ ਘਰ ਨਾਲ ਸ਼ੁਰੂ ਤੋਂ ਹੀ ਵੈਰ ਰੱਖਦੇ ਆਏ ਸਨ ਕਿਉਂ ਜੋ ਗੁਰੂ ਸਾਹਿਬ ਜਾਤ-ਪਾਤ ਦਾ ਭੇਦ ਭਾਵ ਖਤਮ ਕਰਨ ਦਾ ਉਪਦੇਸ਼ ਕਰਦੇ ਸਨ। ਦੋਨੋਂ ਧਿਰਾਂ, ਧੀਰਮਲ ਤੇ ਬ੍ਰਾਹਮਣ ਜੁੰਡਲੀ ਨੇ ਲੋਕਾਂ ਵਿਚ ਗੁਰੂ ਜੀ ਦੀ ਸੋਭਾ ਘਟਾਉਣ ਦੀ ਬੜੀ ਕੋਸ਼ਿਸ਼ ਕੀਤੀ ਪਰ ਉਨ੍ਹਾਂ ਦੀ ਕੋਈ ਪੇਸ਼ ਨਾ ਗਈ ਤੇ ਗੁਰੂ ਘਰ ਦਾ ਜਸ ਹੋਰ ਦੂਣਾ ਸਵਾਇਆ ਹੋ ਕੇ ਫੈਲਣ ਲੱਗਾ।

### *ਤਿੰਨ ਬਖ਼ਸ਼ਿਸ਼ਾਂ*

ਗੁਰੂ ਹਰਿ ਰਾਇ ਜੀ ਨੇ ਸਿੱਖ ਧਰਮ ਦੇ ਪ੍ਰਚਾਰ-ਪ੍ਰਸਾਰ ਲਈ ਤਿੰਨ ਬਖ਼ਸ਼ਿਸ਼ਾਂ (ਕੇਂਦਰ) ਕਾਇਮ ਕੀਤੀਆਂ। ਹਰੇਕ ਬਖ਼ਸ਼ਿਸ਼ ਇਕ ਪ੍ਰਸਿੱਧ ਉਦਾਸੀ ਸਿੱਖ ਦੀ ਨਿਗਰਾਨੀ ਹੇਠ ਸੀ। ਇਹ ਗੁਰਸਿੱਖ ਸਨ : (1) ਸੁਥਰੇ ਸ਼ਾਹ ਜੀ (2) ਭਗਤ ਭਗਵਾਨ (3) ਭਾਈ ਫੇਰੂ ਜੀ। ਆਪ ਜੀ ਦੇ ਪਿਤਾ ਬਾਬਾ ਗੁਰਦਿੱਤਾ ਜੀ ਨੇ ਪਹਿਲੇ ਹੀ ਸਿੱਖੀ ਪ੍ਰਚਾਰ ਲਈ ਧੂਏਂ ਜਾਂ ਧੂਣੀਆਂ ਕਾਇਮ ਕੀਤੀਆਂ ਸਨ। ਧੂਣੀਆਂ ਤੋਂ ਭਾਵ "ਉਦਾਸੀ ਸਾਧੂਆਂ ਦੀ ਗੱਦੀ" ਹੁੰਦਾ ਹੈ, ਪਰ ਇਥੇ ਇਨ੍ਹਾਂ ਦਾ ਭਾਵ ਹੈ—ਉਦਾਸੀ ਮਹਾਂਪੁਰਖਾਂ ਦੇ ਅਧੀਨ ਚੱਲ ਰਹੇ ਪ੍ਰਚਾਰ ਕੇਂਦਰ।

### *ਗੁਰਬਾਣੀ ਲਈ ਪ੍ਰੇਮ*

ਹਰ ਗੁਰਸਿੱਖ ਦੇ ਮਨ ਵਿਚ ਗੁਰਬਾਣੀ ਵਾਸਤੇ ਅਥਾਹ ਸਤਿਕਾਰ ਤੇ ਸ਼ਰਧਾ ਹੋਣੀ ਚਾਹੀਦੀ ਹੈ ਕਿਉਂਕਿ ਗੁਰੂ ਅਤੇ ਗੁਰੂ ਦੀ ਬਾਣੀ ਇਕ ਰੂਪ ਹਨ। ਗੁਰਬਾਣੀ ਦਾ ਆਦਰ ਗੁਰੂ ਦਾ ਆਦਰ ਹੈ। ਹਰੇਕ ਗੁਰੂ-ਪਾਤਸ਼ਾਹ ਨੇ ਆਪਣੇ ਸਮੇਂ ਵਿਚ ਸਿੱਖਾਂ ਦਾ ਧਿਆਨ ਇਸ ਗੱਲ ਵੱਲ ਖਾਸ ਕਰਕੇ ਦਿਵਾਇਆ ਹੈ। ਗੁਰੂ ਹਰਿ ਰਾਇ ਜੀ ਦਾ ਗੁਰਬਾਣੀ ਪ੍ਰਤਿ ਪ੍ਰੇਮ ਤੇ ਸਤਿਕਾਰ ਹੱਦ ਦਰਜੇ ਦਾ ਸੀ। ਇਕ ਵਾਰੀ ਲੌਢੇ ਵੇਲੇ ਗੁਰੂ ਜੀ ਮੰਜੇ ਤੇ ਲੇਟੇ ਹੋਏ ਸਨ। ਉਸ ਸਮੇਂ ਸੰਗਤ ਬਾਣੀ ਪੜ੍ਹਦੀ-ਪੜ੍ਹਦੀ ਆਈ ਤੇ ਜਿਥੇ ਗੁਰੂ ਜੀ ਬਿਰਾਜਮਾਨ ਸਨ, ਹੇਠਾਂ ਖੜ੍ਹੇ ਹੋ ਕੇ ਉੱਚੀ ਉੱਚੀ ਸ਼ਬਦ ਪੜ੍ਹਨ ਲੱਗੀ। ਗੁਰੂ ਜੀ ਸ਼ਬਦ ਦੀ ਆਵਾਜ਼ ਸੁਣਦੇ ਸਾਰ ਹੀ ਕਾਹਲੀ ਨਾਲ ਮੰਜੇ ਤੋਂ ਥੱਲੇ ਉਤਰਨ ਲੱਗੇ। ਥੱਲੇ ਉਤਰਨ ਸਮੇਂ ਉਹਨਾਂ

ਨੂੰ ਸੱਟ ਲੱਗ ਗਈ ਤੇ ਇਸੇ ਤਰ੍ਹਾਂ ਹੀ ਹੇਠਾਂ ਆ ਗਏ। ਇਕ ਸਿੱਖ ਨੇ ਪੁੱਛ ਹੀ ਲਿਆ—'ਸਤਿਗੁਰੂ! ਆਪ ਜੀ ਦੇ ਹੀ ਸ਼ਬਦ ਸਨ, ਆਪ ਜੀ ਦੀ ਹੀ ਇਹ ਬਾਣੀ ਹੈ, ਫਿਰ ਇਤਨੀ ਜਲਦੀ ਕਿਸ ਲਈ? ਗੁਰੂ ਹਰਿ ਰਾਇ ਜੀ ਨੇ ਜਵਾਬ ਦਿੱਤਾ—'ਤੁਸੀਂ ਠੀਕ ਕਹਿੰਦੇ ਹੋ ਪਰ ਇਹ ਵੀ ਯਾਦ ਰੱਖਣਾ ਹੈ ਕਿ ਗੁਰੂ ਦਾ ਅਨੁਭਵ ਬਾਣੀ ਰੂਪ ਹੈ। ਇਸ ਦਾ ਅਦਬ ਕਰਨਾ ਵੀ ਬੜਾ ਜ਼ਰੂਰੀ ਹੈ।'

ਅੱਗੇ ਜਾ ਕੇ ਅਸੀਂ ਪੜ੍ਹਾਂਗੇ ਕਿ ਗੁਰੂ ਹਰਿ ਰਾਇ ਜੀ ਦੇ ਵੱਡੇ ਸਾਹਿਬਜ਼ਾਦੇ ਬਾਬਾ ਰਾਮ ਰਾਇ ਬੜੇ ਸੁਘੜ ਸਿਆਣੇ ਸਨ; ਹਰ ਤਰ੍ਹਾਂ ਸੁਲਝੇ ਹੋਏ ਸਨ ਪਰ ਜਿਸ ਵੇਲੇ ਔਰੰਗਜ਼ੇਬ ਨੇ ਬੜਾ ਆਦਰ-ਮਾਣ ਦਿੱਤਾ, ਆਓ-ਭਗਤ ਕੀਤੀ ਤਾਂ ਉਸਦੇ ਦਬਾਅ ਵਿਚ ਆ ਕੇ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਦੀ ਇੱਕ ਤੁਕ ਵਿਚ ਮਾੜੀ ਜਿਹੀ ਤਬਦੀਲੀ ਕਰਨ ਨੂੰ ਤਿਆਰ ਹੋ ਗਏ ਤਾਂ ਕਿ ਬਾਦਸ਼ਾਹ ਖੁਸ਼ ਹੋ ਜਾਏ ਤੇ ਉਸ ਨਾਲ ਬਣਿਆ ਰਸੂਖ ਕਾਇਮ ਰਹੇ। ਜਦ ਗੁਰੂ ਹਰਿ ਰਾਇ ਜੀ ਨੂੰ ਇਸ ਬਾਰੇ ਪਤਾ ਲੱਗਾ ਕਿ ਰਾਮ ਰਾਇ ਨੇ ਗੁਰਬਾਣੀ ਦੀ ਤੁਕ ਬਦਲੀ ਹੈ ਤੇ ਗੁਰਬਾਣੀ ਦਾ ਨਿਰਾਦਰ ਕੀਤਾ ਹੈ ਤਾਂ ਸਤਿਗੁਰੂ ਜੀ ਨੇ ਆਪਣੇ ਪੁੱਤਰ ਨਾਲੋਂ ਵੀ ਸੰਬੰਧ ਤੋੜ ਲਿਆ ਤੇ ਕਦੀ ਉਸ ਨੂੰ ਮੂੰਹ ਨਾ ਲਗਾਇਆ।

### *ਪ੍ਰਚਾਰ ਫੇਰੀਆਂ*

ਕੋਈ ਧਰਮ ਭਾਵੇਂ ਕਿੰਨਾ ਵੀ ਚੰਗਾ ਹੋਵੇ, ਉਹ ਪ੍ਰਚਾਰ ਤੋਂ ਬਿਨਾਂ ਫੈਲ ਨਹੀਂ ਸਕਦਾ। ਸਤਿਗੁਰੂ ਨਾਨਕ ਦੇਵ ਜੀ ਦਾ ਬਿਰਧ ਉਮਰ ਵਿਚ ਵੀ ਥਾਂ-ਥਾਂ ਜਾ ਕੇ ਧਰਮ ਪ੍ਰਚਾਰ ਕਰਨਾ, ਇਹੀ ਗੱਲ ਦ੍ਰਿੜ੍ਹ ਕਰਾਉਂਦਾ ਹੈ। ਗੁਰੂ ਅਮਰਦਾਸ ਜੀ ਨੇ ਵੀ 22 ਮੰਜੀਆਂ ਥਾਪ ਕੇ ਹਰ ਹਿੱਸੇ ਵਿਚ ਸਿੱਖ ਧਰਮ ਦੇ ਪ੍ਰਚਾਰ ਲਈ ਉੱਦਮ ਕੀਤਾ। ਗੁਰੂ ਅਰਜਨ ਦੇਵ ਜੀ ਨੇ ਬਾਣੀ ਦੇ ਪ੍ਰਚਾਰ ਵੱਲ ਖਾਸ ਧਿਆਨ ਦਿੱਤਾ। ਗੁਰੂ ਹਰਿਗੋਬਿੰਦ ਸਾਹਿਬ ਨੇ ਵੀ ਦੂਰ-ਦੂਰ ਤੱਕ ਜਾ ਕੇ ਪ੍ਰਚਾਰ ਕੀਤਾ।

ਗੁਰੂ ਹਰਿ ਰਾਇ ਜੀ ਨੇ 1655-56 ਵਿਚ ਦੁਆਬੇ ਤੇ ਮਾਲਵੇ ਦਾ ਚੱਕਰ ਲਾਇਆ। ਕੀਰਤਪੁਰ ਤੋਂ ਚੱਲ ਕੇ ਪਹਿਲਾਂ, ਰੋਪੜ, ਗੜ੍ਹਸ਼ੰਕਰ ਤੇ ਉਥੋਂ ਹੁਸ਼ਿਆਰਪੁਰ ਜਾਂਦੇ ਰਸਤੇ ਵਿਚ ਹਰੀਆਂ ਵੇਲਾਂ ਨੂੰ ਭਾਗ ਲਾਏ। ਹੁਸ਼ਿਆਰਪੁਰ ਤੋਂ ਫਗਵਾੜਾ ਸੜਕ ਤੇ ਪੈਂਦੇ ਇਕ ਨਗਰ ਭੁੰਗਰਨੀ ਆਏ। ਨਗਰ ਨਿਵਾਸੀਆਂ ਨੂੰ ਹੰਕਾਰ ਛੱਡ ਕੇ ਸੇਵਾ ਕਰਨ ਦਾ ਉਪਦੇਸ਼ ਦਿੱਤਾ।

ਭੁੰਗਰਨੀ ਤੋਂ ਚੌਂਤਰਾ ਸਾਹਿਬ, ਜਲੰਧਰ ਤੇ ਫਿਰ ਕਰਤਾਰਪੁਰ ਆਏ। ਕਰਤਾਰਪੁਰ ਚਾਰ ਮਹੀਨੇ ਰਹੇ। ਧੀਰਮਲ ਵੀ ਦਰਸ਼ਨਾਂ ਨੂੰ ਆਇਆ। ਕਰਤਾਰਪੁਰ ਤੋਂ ਕਪੂਰਥਲੇ, ਡਲਾ, ਨਕੋਦਰ ਹੁੰਦੇ ਹੋਏ ਨੂਰ ਮਹਿਲ ਆਏ। ਨੂਰ ਮਹਿਲ ਤੋਂ ਪੁਆਂਟੜਾ, ਡਰੌਲੀ, ਜ਼ੀਰਾ, ਲੱਖੀ ਜੰਗਲ, ਬਹਿਬਲ ਤੇ ਮੱਤੇ ਦੀ ਸਰਾਂ ਹੁੰਦੇ ਹੋਏ ਮੇਹਰਾਜ ਪਹੁੰਚੇ। ਇਥੋਂ ਦੇ ਚੌਧਰੀ ਕਾਲੇ ਨੇ ਬੜੀ ਸੇਵਾ ਕੀਤੀ। ਇਕ ਦਿਨ ਚੌਧਰੀ ਕਾਲਾ ਆਪਣੇ, ਭਾਈ ਕਰਮ ਚੰਦ ਦੇ ਦੋ ਪੁੱਤਰਾਂ ਫੂਲ ਤੇ ਸੰਦਲੀ ਨੂੰ ਨਾਲ ਲੈ ਕੇ ਗੁਰੂ ਦਰਬਾਰ ਵਿਚ ਹਾਜ਼ਰ ਹੋਇਆ। ਇਹਨਾਂ ਦੇ ਮਾਪੇ ਮਰ ਚੁੱਕੇ ਸਨ ਤੇ ਚੌਧਰੀ ਕਾਲੇ ਨੇ ਹੀ ਇਹਨਾਂ ਨੂੰ ਪਾਲਿਆ ਸੀ। ਉਨ੍ਹਾਂ ਨੂੰ ਗੁਰੂ ਹਰਿਗੋਬਿੰਦ ਸਾਹਿਬ ਨੇ ਬਖ਼ਸ਼ਿਸ਼ ਕੀਤੀ ਸੀ ਕਿ ਉਹ ਲੱਖਾਂ ਦੇ ਪੇਟ ਭਰਨਗੇ ਤੇ ਉਨ੍ਹਾਂ ਦੀ ਸੰਤਾਨ

ਰਾਜ ਕਰੇਗੀ।

ਉਨ੍ਹਾਂ 'ਤੇ ਗੁਰੂ ਹਰਿ ਰਾਇ ਜੀ ਨੇ ਵੀ ਬਖ਼ਸ਼ਸ਼ ਕੀਤੀ ਤੇ ਅਸ਼ੀਰਵਾਦ ਦਿੱਤਾ ਕਿ ਇਹਨਾਂ ਦੀ ਸੰਤਾਨ ਸਤਲੁਜ ਤੇ ਜਮੁਨਾ ਵਿਚਕਾਰ ਰਾਜ ਕਰਿਆ ਕਰੇਗੀ। ਇਹਨਾਂ ਦੀ ਸੰਤਾਨ 'ਫੂਲਕੀਆਂ' ਸਦਵਾਈ ਤੇ ਗੁਰੂ ਜੀ ਦੇ ਅਸ਼ੀਰਵਾਦ ਸਦਕਾ ਪਟਿਆਲਾ, ਨਾਭਾ, ਜੀਂਦ ਦੀਆਂ ਰਿਆਸਤਾਂ ਹੋਂਦ ਵਿਚ ਆਈਆਂ।

ਸੰਗਰੂਰ, ਸੁਨਾਮ, ਸਮਾਣਾ, ਗੂਹਲਾ, ਚੀਕਾ ਹੁੰਦੇ ਹੋਏ ਸਤਿਗੁਰੂ ਜੀ ਪਹੋਆ ਪਹੁੰਚੇ। ਪਾਂਡਿਆ ਨੂੰ ਫੋਕਟ ਕਰਮ-ਕਾਂਡ ਤਿਆਗ ਕੇ ਨਾਮ ਜਪਣ ਦੀ ਸਿਖਿਆ ਦਿੱਤੀ। ਥਾਨੇਸਰ, ਕੁਰੂਕਸ਼ੇਤਰ, ਪਿਪਲੀ, ਮਾਰਕੰਡਾ, ਅੰਬਾਲਾ ਤੋਂ ਹੁੰਦੇ ਹੋਏ ਇਕ ਪ੍ਰੇਮੀ ਸਿੱਖ ਕਾਕਰੂ ਦੇ ਅੰਬਾਂ ਦੇ ਬਾਗ ਪੁੱਜੇ, ਜੋ ਮਨੀਮਾਜਰਾ ਤੋਂ 7 ਮੀਲ ਦੀ ਦੂਰੀ ਤੇ ਹੈ। ਇਥੋਂ ਬੁੰਗਾ ਸਾਹਿਬ ਹੋ ਕੇ ਕੀਰਤਪੁਰ ਪੁੱਜੇ। ਇਹ ਪ੍ਰਚਾਰ ਫੇਰੀ ਸਵਾ ਕੁ ਸਾਲ ਦੀ ਸੀ।

ਇਸ ਦੇ ਮਗਰੋਂ ਗੁਰੂ ਹਰਿ ਰਾਇ ਜੀ ਨੇ ਇਕ ਹੋਰ ਪ੍ਰਚਾਰ ਫੇਰੀ ਲਾਈ। ਸੰਨ 1658 ਵਿਚ ਆਪ ਜੀ ਕੁਝ ਸਿੱਖਾਂ ਤੇ ਪਰਿਵਾਰ ਨਾਲ ਰੋਪੜ, ਕੋਟਲਾ, ਮਾਛੀਵਾੜਾ, ਸਮਰਾਲਾ ਹੁੰਦੇ ਹੋਏ ਸਾਹਨੇਵਾਲ ਪਹੁੰਚੇ। ਸਾਹਨੇਵਾਲ ਤੋਂ ਪਿੰਡ ਜਸਪਾਲ ਪੁੱਜੇ। ਇਥੋਂ ਪਲਾਹੀ ਆਏ ਜਿਥੇ ਭਾਈ ਭਗਤੂ ਦੇ ਪੁੱਤਰ ਗੌਰਾ ਨੇ ਮੁਗ਼ਲ ਫ਼ੌਜਾਂ ਨੂੰ ਕਰਾਰੀ ਹਾਰ ਦਿੱਤੀ। ਗੁਰੂ ਹਰਿ ਰਾਇ ਜੀ ਉਥੋਂ ਫਗਵਾੜੇ ਗਏ ਤੇ ਫਿਰ ਕਰਤਾਰਪੁਰ ਪੁੱਜੇ। ਗੁਰੂ ਜੀ ਜਦ ਕਰਤਾਰਪੁਰ ਪੁੱਜੇ ਤਾਂ ਧੀਰਮਲ ਨੇ ਗੁਰੂ ਜੀ ਦੇ ਵਿਰੁੱਧ ਬੜਾ ਕੋਝਾ ਪ੍ਰਚਾਰ ਕੀਤਾ। ਬ੍ਰਾਹਮਣ ਜੁੰਡਲੀ ਨੂੰ ਵੀ ਨਾਲ ਮਿਲਾਇਆ, ਪਰ ਕੁਝ ਪੇਸ਼ ਨਾ ਗਈ ਤੇ ਗੁਰੂ ਜੀ ਦੀ ਮਹਿਮਾ ਦੂਣੀ-ਚੌਗੁਣੀ ਹੋ ਕੇ ਫੈਲੀ।

ਕਰਤਾਰਪੁਰ ਤੋਂ ਬਕਾਲਾ ਆਏ। ਉਥੇ (ਗੁਰੂ) ਤੇਗ ਬਹਾਦਰ ਜੀ ਨਿਵਾਸ ਕਰਦੇ ਸਨ। ਕੁਝ ਸਮਾਂ ਬਕਾਲਾ ਰਹਿ ਕੇ ਗੁਰੂ ਹਰਿ ਰਾਇ ਜੀ ਖਡੂਰ ਸਾਹਿਬ ਆਏ। ਖਡੂਰ ਸਾਹਿਬ ਤੋਂ ਗੋਇੰਦਵਾਲ ਪੁੱਜੇ। ਇਥੇ ਦਾਰਾ ਸ਼ਿਕੋਹ ਨੇ ਗੁਰੂ ਜੀ ਦੇ ਦਰਸ਼ਨ ਕੀਤੇ। ਗੁਰੂ ਜੀ ਨੇ ਉਸ ਨੂੰ ਧੀਰਜ ਦਿੱਤਾ। ਗੋਇੰਦਵਾਲ ਤੋਂ ਗੁਰੂ ਜੀ ਤਰਨ ਤਾਰਨ ਹੁੰਦੇ ਹੋਏ ਸ੍ਰੀ ਅੰਮ੍ਰਿਤਸਰ ਪਹੁੰਚੇ। ਗੁਰੂ ਜੀ ਨੇ ਦਰਬਾਰ ਸਾਹਿਬ ਮਰਯਾਦਾ ਅਨੁਸਾਰ ਕੀਰਤਨ ਸ਼ੁਰੂ ਕਰਵਾਇਆ। ਅਕਾਲ ਤਖ਼ਤ ਦੀਵਾਨ ਲੱਗੇ। ਕੁਝ ਸਮਾਂ ਅੰਮ੍ਰਿਤਸਰ ਰਹਿ ਕੇ ਲਾਹੌਰ, ਡੇਹਰਾ ਸਾਹਿਬ, ਚੂਨਾ ਮੰਡੀ, ਮੁਜੰਗੀ ਹੋ ਕੇ ਨਨਕਾਣਾ ਸਾਹਿਬ ਗਏ। ਨਨਕਾਣਾ ਸਾਹਿਬ ਤੋਂ ਚੂਹੜਕਾਣਾ, ਕਰਤਾਰਪੁਰ ਹੁੰਦੇ ਹੋਏ ਬਾਬੇ ਦੀ ਬੇਰ ਸਿਆਲਕੋਟ ਪਹੁੰਚੇ। ਉਥੋਂ ਹੀ ਨਜ਼ਦੀਕ ਗਲੋਟੀਆਂ ਖੁਰਦ ਪੁੱਜਣ ਤੇ ਭਾਈ ਨੰਦ ਲਾਲ ਪੁਰੀ ਦਰਸ਼ਨ ਕਰਨ ਆਏ। ਉਨ੍ਹਾਂ ਨੇ ਉਪਦੇਸ਼ ਕਰਨ ਲਈ ਬੇਨਤੀ ਕੀਤੀ ਤਾਂ ਗੁਰੂ ਹਰਿ ਰਾਇ ਜੀ ਨੇ ਫਰਮਾਇਆ ਕਿ ਤਿੰਨ ਕੰਮ ਕਰੋਗੇ ਤਾਂ ਤੁਹਾਡੇ ਘਰ ਵਿਚ ਧਰਮ ਸਦਾ ਬਣਿਆ ਰਹੇਗਾ। ਇਕ ਟੋਪੀ ਨਹੀਂ ਪਹਿਨਣੀ, ਦੂਜਾ ਤੰਮਾਕੂ ਨਹੀਂ ਪੀਣਾ ਤੇ ਤੀਸਰਾ ਕੇਸ ਕਤਲ ਨਹੀਂ ਕਰਾਉਣੇ। ਭਾਈ ਨੰਦ ਲਾਲ ਜੀ ਨੇ ਸਾਰੀ ਉਮਰ ਇਨ੍ਹਾਂ ਤੇ ਪਹਿਰਾ ਦਿੱਤਾ ਤੇ ਬਚਨ ਮੰਨੇ। ਉਹਨਾਂ ਦੇ ਪੁੱਤਰ ਭਾਈ ਬਾਘਮਲ ਜੀ ਸਿੱਖਾਂ ਦਾ ਬਹੁਤ ਸਤਿਕਾਰ ਕਰਦੇ ਸਨ ਤੇ ਲੋੜ ਪੈਣ ਤੇ ਹਰ ਤਰ੍ਹਾਂ ਦੀ ਮਦਦ ਕਰਦੇ ਸਨ। ਭਾਈ ਬਾਘ ਮਲ ਦਾ ਪੁੱਤਰ ਹੀ ਹਕੀਕਤ ਰਾਇ ਸੀ ਜੋ ਧਰਮ ਤੋਂ ਜਾਨ ਵਾਰ ਗਿਆ।

ਸਿਆਲਕੋਟ ਤੋਂ ਚਪਰਾੜ ਪੁੱਜੇ। ਉਥੋਂ ਦੀ ਸੰਗਤ ਦੀ ਪਾਣੀ ਦੀ ਕਿੱਲਤ ਦੂਰ ਕੀਤੀ। ਉਥੋਂ ਜੰਮੂ ਤੇ ਕਸ਼ਮੀਰ ਗਏ। ਕਈ ਥਾਵਾਂ ਤੇ ਖੂਹ ਬਣਵਾਏ। ਕਸ਼ਮੀਰ ਤੋਂ ਵਾਪਸ ਕੀਰਤਪੁਰ ਆ ਗਏ।

### ਔਰੰਗਜ਼ੇਬ ਦੀ ਰਾਜ ਪ੍ਰਾਪਤੀ

ਸ਼ਾਹਜਹਾਨ ਦੇ ਚਾਰ ਪੁੱਤਰ ਸਨ : ਦਾਰਾ ਸ਼ਿਕੋਹ, ਸ਼ੁਜਾਹ, ਔਰੰਗਜ਼ੇਬ ਅਤੇ ਮੁਰਾਦ। ਦਾਰਾ ਸ਼ਿਕੋਹ ਸਭ ਤੋਂ ਵੱਡਾ ਤੇ ਸੂਫੀ ਖਿਆਲਾਂ ਵਾਲਾ ਸੀ। ਸ਼ਾਹਜਹਾਨ ਇਸ ਨੂੰ ਸਭ ਤੋਂ ਵੱਧ ਪਿਆਰ ਕਰਦਾ ਸੀ। ਉਹ ਪੰਜਾਬ, ਕਾਬਲ, ਕੰਧਾਰ ਤੇ ਮੁਲਤਾਨ ਦਾ ਗਵਰਨਰ ਸੀ। ਸ਼ੁਜਾਹ ਬੰਗਾਲ ਦਾ, ਔਰੰਗਜ਼ੇਬ ਦੱਖਣ ਤੇ ਮੁਰਾਦ ਗੁਜਰਾਤ ਦਾ ਗਵਰਨਰ ਸੀ। ਸਤੰਬਰ 1657 ਵਿਚ ਸ਼ਾਹਜਹਾਨ ਬੀਮਾਰ ਹੋ ਗਿਆ। ਆਪਣੇ ਬਚਣ ਦੀ ਕੋਈ ਆਸ ਨਾ ਦੇਖ ਕੇ ਉਸਨੇ ਆਪਣੇ ਵੱਡੇ ਪੁੱਤਰ ਦਾਰਾ ਨੂੰ ਤਖ਼ਤ ਦਾ ਵਾਰਸ ਬਣਾ ਦਿੱਤਾ। ਮੁਰਾਦ ਨੇ ਗੁਜਰਾਤ ਵਿਚ ਬਗਾਵਤ ਕਰ ਦਿੱਤੀ ਤੇ ਆਪਣੇ ਆਪ ਨੂੰ ਬਾਦਸ਼ਾਹ ਘੋਸ਼ਿਤ ਕਰ ਦਿੱਤਾ। ਸ਼ੁਜਾਹ ਨੇ ਬੰਗਾਲ ਵਿਚ ਬਗਾਵਤ ਕਰ ਦਿੱਤੀ ਤੇ ਆਪਣੇ ਆਪ ਨੂੰ ਬਾਦਸ਼ਾਹ ਅਖਵਾਉਣਾ ਸ਼ੁਰੂ ਕਰ ਦਿੱਤਾ। ਔਰੰਗਜ਼ੇਬ ਬੜਾ ਚਲਾਕ ਸੀ। ਉਸ ਨੇ ਮੁਰਾਦ ਨੂੰ ਆਪਣੇ ਨਾਲ ਮਿਲਾ ਲਿਆ ਤੇ ਦੱਸਿਆ ਕਿ ਉਸ ਨੂੰ ਰਾਜ ਦਾ ਕੋਈ ਲਾਲਚ ਨਹੀਂ ਹੈ। ਉਹ ਤਾਂ ਮੁਰਾਦ ਨੂੰ ਰਾਜ ਦਿਵਾ ਕੇ ਆਪ ਮੱਕੇ ਚਲਾ ਜਾਵੇਗਾ।

ਮੁਰਾਦ ਔਰੰਗਜ਼ੇਬ ਦੇ ਝਾਂਸੇ ਵਿਚ ਆ ਗਿਆ। ਦੋਵੇਂ ਫ਼ੌਜਾਂ ਲੈ ਕੇ ਆਗਰੇ ਵੱਲ ਵਧੇ। ਸ਼ੁਜਾਹ ਵੀ ਫ਼ੌਜਾਂ ਲੈ ਕੇ ਚੜ੍ਹ ਆਇਆ। ਬਨਾਰਸ ਵਿਖੇ ਸ਼ੁਜਾਹ ਹਾਰ ਖਾ ਕੇ ਵਾਪਸ ਬੰਗਾਲ ਨੂੰ ਚਲਾ ਗਿਆ। ਸ਼ਾਹਜਹਾਨ ਨੂੰ ਜਦੋਂ ਮੁਰਾਦ ਤੇ ਔਰੰਗਜ਼ੇਬ ਬਾਰੇ ਪਤਾ ਲੱਗਿਆ ਤਾਂ ਉਸ ਨੇ ਦਾਰਾ ਸ਼ਿਕੋਹ ਨੂੰ ਫ਼ੌਜਾਂ ਦੇ ਕੇ ਉਨ੍ਹਾਂ ਦੇ ਟਾਕਰੇ ਲਈ ਭੇਜਿਆ। ਆਗਰੇ ਤੋਂ ਕੁਝ ਦੂਰ ਸ਼ਾਮੂਗੜ੍ਹ ਦੇ ਸਥਾਨ ਤੇ ਲੜਾਈ ਹੋਈ। ਦਾਰਾ ਦੀ ਜਿੱਤ ਹੋਣੀ ਨਿਸ਼ਚਿਤ ਹੀ ਸੀ ਕਿ ਉਹ ਹਾਥੀ ਛੱਡ ਕੇ ਘੋੜੇ ਤੇ ਸਵਾਰ ਹੋ ਗਿਆ। ਉਸ ਨੂੰ ਹਾਥੀ ਤੇ ਬੈਠਾ ਨਾ ਦੇਖ ਕੇ ਦਾਰਾ ਦੀਆਂ ਫ਼ੌਜਾਂ ਵਿਚ ਭਗਦੜ ਮੱਚ ਗਈ ਤੇ ਉਹ ਹਾਰ ਖਾ ਕੇ ਆਗਰੇ ਨੱਸ ਗਿਆ। ਉਹ ਇਤਨਾ ਸਹਿਮ ਗਿਆ ਸੀ ਕਿ ਬੁੱਢੇ ਤੇ ਕਮਜ਼ੋਰ ਪਿਉ ਨੂੰ ਆਗਰੇ ਵਿਚ ਇਕੱਲਾ ਹੀ ਛੱਡ ਕੇ ਦਿੱਲੀ ਵੱਲ ਨੂੰ ਨੱਠਿਆ। ਸ਼ਾਹਜਹਾਨ ਨੇ ਫਿਰ ਵੀ ਸਲਾਹ ਭੇਜੀ ਕਿ ਦਿੱਲੀ ਤੇ ਪੰਜਾਬ ਦੇ ਖ਼ਜ਼ਾਨੇ ਕਾਬੂ ਕਰਕੇ ਫ਼ੌਜਾਂ ਇਕੱਠੀਆਂ ਕਰੇ ਪਰ ਦਾਰਾ ਆਪਣੇ ਆਪ 'ਤੇ ਕਾਬੂ ਨਾ ਪਾ ਸਕਿਆ, ਨਾ ਹੀ ਉਸ ਵਿਚ ਬਹਾਦਰਾਂ ਵਾਲਾ ਦਿਲ ਸੀ। ਉਹ ਦਿੱਲੀ ਵਿਚ ਉਡੀਕ ਕਰਨ ਦੀ ਥਾਂ ਪੰਜਾਬ ਵੱਲ ਨੱਸਿਆ।

18 ਜੂਨ 1658 ਨੂੰ ਔਰੰਗਜ਼ੇਬ ਨੇ ਆਗਰੇ ਦੇ ਕਿਲ੍ਹੇ ਤੇ ਕਬਜ਼ਾ ਕਰਕੇ ਆਪਣੇ ਪਿਉ ਸ਼ਾਹਜਹਾਨ ਨੂੰ ਕਿਲ੍ਹੇ ਵਿਚ ਹੀ ਨਜ਼ਰਬੰਦ ਕਰ ਲਿਆ। ਔਰੰਗਜ਼ੇਬ ਆਗਰੇ ਤੋਂ ਦਿੱਲੀ ਵਧਿਆ। ਘਬਰਾਇਆ ਤੇ ਸਹਿਮਿਆ ਦਾਰਾ ਦਿੱਲੀ ਤੋਂ ਗੋਇੰਦਵਾਲ ਲੰਘਦਿਆਂ ਗੁਰੂ ਹਰਿ ਰਾਇ ਸਾਹਿਬ ਜੀ ਨੂੰ ਮਿਲਿਆ ਤੇ ਸਹਾਇਤਾ ਲਈ ਬੇਨਤੀ ਕੀਤੀ। ਸ਼ਰਨ ਆਏ ਲੋੜਵੰਦ ਦੀ ਮਦਦ ਕਰਨੀ ਗੁਰੂ ਨਾਨਕ ਦੇ ਘਰ ਦਾ ਅਸੂਲ ਰਿਹਾ ਹੈ। ਗੁਰੂ ਜੀ ਨੇ ਉਸ ਨੂੰ ਧੀਰਜ ਦਿੱਤਾ, ਪ੍ਰਸ਼ਾਦਾ ਛਕਾਇਆ ਤੇ ਵਿਦਾ ਕੀਤਾ। ਫਿਰ ਆਪ 2200 ਘੋੜਸਵਾਰ ਲੈ ਕੇ ਬਿਆਸ

ਦਰਿਆ ਦੇ ਕੰਢੇ ਜਾ ਖਲੋਤੇ ਤੇ ਸਭ ਬੇੜੀਆਂ ਕਾਬੂ ਕਰ ਲਈਆਂ। ਇਸ ਤਰ੍ਹਾਂ ਉਨ੍ਹਾਂ ਨੇ ਫ਼ੌਜ ਨੂੰ ਇਕ ਦਿਨ ਦਰਿਆ ਪਾਰ ਕਰਨੋਂ ਰੋਕ ਲਿਆ। ਦਾਰਾ ਸ਼ਿਕੋਹ 13 ਜੁਲਾਈ ਸੰਨ 1658 ਨੂੰ ਲਾਹੌਰ ਪੁੱਜਾ। ਉਸ ਕੋਲ 30,000 ਤੋਂ ਵੱਧ ਫ਼ੌਜੀ ਸਨ। ਉਸ ਦਾ ਪਿੱਛਾ ਕਰ ਰਹੀ ਔਰੰਗਜ਼ੇਬ ਦੀ ਫ਼ੌਜ ਨੇ 15 ਅਗਸਤ ਨੂੰ ਰੋਪੜ ਦੇ ਕੋਲੋਂ ਦਰਿਆ ਸਤਲੁਜ ਪਾਰ ਕੀਤਾ। ਦਾਰਾ ਲਾਹੌਰ ਵੀ ਨਾ ਟਿਕ ਸਕਿਆ। ਉਥੋਂ 28 ਅਗਸਤ ਨੂੰ ਮੁਲਤਾਨ ਵੱਲ ਭੱਜ ਗਿਆ ਤੇ 15 ਸਤੰਬਰ ਨੂੰ ਮੁਲਤਾਨ ਪੁੱਜਾ। ਔਰੰਗਜ਼ੇਬ ਵੀ 10 ਅਕਤੂਬਰ ਨੂੰ ਮੁਲਤਾਨ ਪਹੁੰਚ ਗਿਆ ਪਰ ਤਦ ਤੱਕ ਦਾਰਾ ਅੱਗੇ ਸਿੰਧ ਵੱਲ ਚਲਾ ਗਿਆ ਸੀ। ਔਰੰਗਜ਼ੇਬ ਨੇ ਦਾਰਾ ਪਿੱਛੇ ਕੁਝ ਜਰਨੈਲ ਭੇਜ ਦਿੱਤੇ। ਉਹ ਆਪ ਮੁਲਤਾਨ ਤੋਂ ਦਿੱਲੀ ਪਰਤਿਆ ਤੇ ਨਵੰਬਰ 1658 ਨੂੰ ਦਿੱਲੀ ਪੁੱਜ ਗਿਆ।

ਉਧਰ ਦਾਰਾ ਸਿੰਧ ਵਿਚ ਮਾਰਿਆ-ਮਾਰਿਆ ਫਿਰ ਰਿਹਾ ਸੀ। ਉਹ ਜੂਨਾ ਨਗਰ ਦੇ ਇਕ ਸਰਦਾਰ ਮਲਕ ਜੀਵਨ ਪਾਸ ਠਹਿਰਿਆ ਹੋਇਆ ਸੀ। ਉਸ ਨੇ ਦਾਰਾ ਤੇ ਉਸਦੇ ਪੁੱਤਰਾਂ ਨੂੰ ਪਕੜ ਕੇ ਦਿੱਲੀ ਵਿਚ ਪੇਸ਼ ਕੀਤਾ, ਜਿਥੇ ਔਰੰਗਜ਼ੇਬ ਨੇ ਉਸਦਾ ਸਿਰ ਕੱਟ ਕੇ ਕਤਲ ਕਰਵਾ ਦਿੱਤਾ।

ਸ਼ੁਜਾਹ ਨਵੰਬਰ 1658 ਵਿਚ ਪਟਨੇ ਤੋਂ ਚੱਲ ਕੇ ਜਨਵਰੀ 1659 ਨੂੰ ਅਲਾਹਾਬਾਦ ਪੁੱਜਾ। ਔਰੰਗਜ਼ੇਬ ਵੀ ਦਿੱਲੀ ਤੋਂ ਚੱਲ ਕੇ 12 ਜਨਵਰੀ 1659 ਨੂੰ ਅਲਾਹਾਬਦ ਜਾ ਪਹੁੰਚਿਆ ਤੇ 14 ਜਨਵਰੀ ਨੂੰ ਔਰੰਗਜ਼ੇਬ ਤੇ ਸ਼ੁਜਾਹ ਦੀਆਂ ਫੌਜਾਂ ਵਿਚ ਮੁਠਭੇੜ ਹੋਈ। ਸ਼ੁਜਾਹ ਹਾਰ ਗਿਆ ਤੇ ਭੱਜ ਗਿਆ। ਆਪਣੇ ਜਰਨੈਲਾਂ ਨੂੰ ਸ਼ੁਜਾਹ ਦਾ ਪਿੱਛਾ ਕਰਨ ਲਈ ਭੇਜ ਕੇ ਔਰੰਗਜ਼ੇਬ ਦਿੱਲੀ ਆ ਗਿਆ। 15 ਜੂਨ 1659 ਨੂੰ ਉਸਨੇ ਆਪਣੀ ਜਿੱਤ ਦੀ ਖੁਸ਼ੀ ਦਿੱਲੀ ਵਿਚ ਮਨਾਈ। ਮੁਰਾਦ ਨੂੰ ਵੀ ਧੋਖੇ ਨਾਲ ਮਰਵਾ ਕੇ ਰਾਜ ਤਖ਼ਤ ਦਾ ਪੂਰਾ ਮਾਲਕ ਬਣ ਬੈਠਾ।

ਸਰਮਦ ਫਕੀਰ ਨੇ, ਜੋ ਅਰਮੀਨਿਆਂ ਤੋਂ ਹਿੰਦੁਸਤਾਨ ਆ ਕੇ ਮੁਲਤਾਨ ਵਿਚ ਫਕੀਰੀ ਰੰਗ ਵਿਚ ਰੰਗਿਆ ਸੀ, ਦਿੱਲੀ ਟਿਕਾਣਾ ਕੀਤਾ। ਸਰਮਦ ਸੂਫ਼ੀ ਫ਼ਕੀਰ ਸੀ। ਇਤਨੀ ਸ਼ੋਭਾ ਦਾ ਮਾਲਕ ਸੀ ਕਿ ਰੂਮ ਦੇ ਫਕੀਰਾਂ ਨੂੰ ਸਬਰ ਤੇ ਸ਼ੁਕਰ ਦੇ ਅਰਥ ਦੱਸੇ ਕਿ ਸਾਰੀਆਂ ਤਾਕਤਾਂ ਦਾ ਮਾਲਕ ਹੋਣ ਪੁਰ ਵੀ ਸਬਰ ਹੋਵੇ ਤਾਂ ਇਹੀ ਸਬਰ ਸ਼ੁਕਰ ਹੈ। ਦਾਰਾ ਦੇ ਮਰਨ ਤੇ ਸਰਮਦ ਨੇ ਬੜਾ ਗੁੱਸਾ ਮਨਾਇਆ ਤੇ ਉਸ ਨੂੰ ਦੀਨੀ-ਸ਼ਾਹ ਦਾ ਖਿਤਾਬ ਦਿੱਤਾ। ਔਰੰਗਜ਼ੇਬ ਨੇ ਸਰਮਦ ਉਤੇ ਸ਼ਰ੍ਹਾ ਨੂੰ ਨਾ ਮੰਨਣ ਦਾ ਇਲਜ਼ਾਮ ਲਗਾ ਕੇ ਸੰਨ 1661 ਵਿਚ ਉਸਨੂੰ ਕਤਲ ਕਰਵਾ ਦਿੱਤਾ।

### *ਦਿੱਲੀ ਤੋਂ ਸੱਦਾ*

ਕੁਝ ਗੁਰੂ-ਦੋਖੀਆਂ ਨੇ ਔਰੰਗਜ਼ੇਬ ਨੂੰ ਸ਼ਿਕਾਇਤ ਲਗਾਈ ਕਿ ਗੁਰੂ ਹਰਿ ਰਾਇ ਜੀ ਨੇ ਦਾਰਾ ਦੀ ਮਦਦ ਕੀਤੀ ਹੈ। ਔਰੰਗਜ਼ੇਬ ਨੇ ਗੁਰੂ ਜੀ ਨੂੰ ਦਿੱਲੀ ਬੁਲਾ ਭੇਜਿਆ। ਗੁਰੂ ਜੀ ਆਪ ਤਾਂ ਦਿੱਲੀ ਨਾ ਗਏ ਪਰ ਆਪਣੇ ਵੱਡੇ ਸਪੁੱਤਰ ਬਾਬਾ ਰਾਮ ਰਾਇ ਜੀ ਨੂੰ ਕੁਝ ਸਿਆਣੇ ਮਸੰਦਾਂ (ਪ੍ਰਚਾਰਕਾਂ) ਨਾਲ ਦਿੱਲੀ ਭੇਜਿਆ। ਜਾਣ ਲੱਗਿਆਂ ਸਿਖਿਆ ਦਿੱਤੀ ਕਿ ਸਦਾ ਗੁਰੂ ਆਸਰੇ ਰਹਿਣਾ। ਗੁਰੂ ਨੂੰ ਅੰਗ-ਸੰਗ ਸਮਝਣਾ। ਰਾਜੇ ਦੀ ਖੁਸ਼ਾਮਦ ਨਹੀਂ ਕਰਨੀ,

ਕੋਈ ਕਮਜ਼ੋਰੀ ਨਹੀਂ ਦਿਖਾਣੀ। ਬਾਬਾ ਰਾਮ ਰਾਇ ਜੀ ਨੇ ਦਿੱਲੀ ਪੁੱਜ ਕੇ ਮਜਨੂੰ ਟਿੱਲੇ ਟਿਕਾਣਾ ਰੱਖਿਆ। ਔਰੰਗਜ਼ੇਬ ਨੇ ਪੁੱਛਿਆ ਕਿ ਗੁਰੂ ਹਰਿ ਰਾਇ ਜੀ ਨੇ ਦਾਰਾ ਸ਼ਿਕੋਹ ਦੀ ਕਿਉਂ ਸਹਾਇਤਾ ਕੀਤੀ? ਤਾਂ ਰਾਮ ਰਾਇ ਨੇ ਉੱਤਰ ਦਿੱਤਾ ਕਿ ਉਸ ਨੂੰ ਲੋੜਵੰਦ ਤੇ ਦੁਖੀਆ ਜਾਣ ਕੇ ਗੁਰੂ ਜੀ ਨੇ ਉਸ ਦੀ ਮਦਦ ਕੀਤੀ। ਕਿਸੇ ਨਾਲ ਵੈਰ ਭਾਵ ਰੱਖ ਕੇ ਨਹੀਂ। ਹੋਰ ਵੀ ਕਈ ਸੁਆਲ ਪੁੱਛੇ। ਰਾਮ ਰਾਇ ਜੀ ਨੇ ਸਭ ਦਾ ਉੱਤਰ ਬੜੀ ਸਿਆਣਪ ਤੇ ਗੁਰੂ ਆਸ਼ੇ ਅਨੁਸਾਰ ਦਿੱਤਾ। ਔਰੰਗਜ਼ੇਬ ਬੜਾ ਪ੍ਰਭਾਵਤ ਹੋਇਆ। ਬੜਾ ਆਦਰ ਸਤਿਕਾਰ ਦਿੱਤਾ। ਔਰੰਗਜ਼ੇਬ ਅਤਿ ਦਾ ਕੱਟੜ ਮੁਸਲਮਾਨ ਸੀ ਤੇ ਰਾਮ ਰਾਇ ਨੂੰ ਪਿਆਰ ਨਾਲ ਜਿੱਤ ਕੇ ਮੁਸਲਮਾਨ ਬਣਾਉਣਾ ਚਾਹੁੰਦਾ ਸੀ। ਦਰਬਾਰੀ, ਕਾਜ਼ੀ, ਮੌਲਵੀ ਉਸਦੀ ਇਸ ਨੀਤੀ ਨੂੰ ਪਸੰਦ ਨਹੀਂ ਸਨ ਕਰਦੇ ਤੇ ਕਈ ਤਰ੍ਹਾਂ ਦੇ ਸੁਆਲ ਰਾਮ ਰਾਇ ਉਤੇ ਕਰਵਾਉਂਦੇ ਸਨ।

ਆਖ਼ਰ ਇਕ ਦਿਨ ਕਾਜ਼ੀਆਂ ਦੇ ਕਹਿਣ ਤੇ ਔਰੰਗਜ਼ੇਬ ਨੇ ਰਾਮ ਰਾਇ ਤੋਂ ਪੁੱਛ ਕੀਤੀ ਕਿ ਗੁਰੂ ਨਾਨਕ ਦੇਵ ਜੀ ਨੇ ਜੋ ਲਿਖਿਆ ਹੈ **"ਮਿਟੀ ਮੁਸਲਮਾਨ ਕੀ ਪੇੜੈ ਪਈ ਕੁਮ੍ਹਿਆਰ ॥"** ਇਸ ਦਾ ਕੀ ਅਰਥ ਹੈ? ਰਾਮ ਰਾਇ ਨੇ ਆਪਣਾ ਬਣਿਆ ਰਸੂਖ ਕਾਇਮ ਰੱਖਣ ਖ਼ਾਤਰ ਕਹਿ ਦਿੱਤਾ ਕਿ ਗੁਰੂ ਨਾਨਕ ਦੇਵ ਜੀ ਨੇ ਤਾਂ ਅਸਲ ਵਿਚ "ਮਿਟੀ ਮੁਸਲਮਾਨ ਕੀ" ਨਹੀਂ "ਮਿਟੀ ਬੇਈਮਾਨ ਕੀ" ਉਚਾਰਿਆ ਹੈ ਪਰ ਕਿਸੇ ਭੁੱਲ ਕਰਕੇ ਗੁਰੂ ਗ੍ਰੰਥ ਸਾਹਿਬ ਜੀ ਵਿਚ "ਮਿਟੀ ਮੁਸਲਮਾਨ ਕੀ" ਲਿਖਿਆ ਗਿਆ ਹੈ।

ਔਰੰਗਜ਼ੇਬ ਦੀ ਤਸੱਲੀ ਤਾਂ ਹੋ ਗਈ ਪਰ ਰਾਮ ਰਾਇ ਸਿੱਖ ਧਰਮ ਦੇ ਨਿਸ਼ਾਨੇ ਤੋਂ ਥਿੜਕ ਗਏ। ਗੁਰੂ ਹਰਿ ਰਾਇ ਜੀ ਨੇ ਜਦ ਇਹ ਸੁਣਿਆ ਤਾਂ ਉਹ ਸਮਝ ਗਏ ਕਿ ਰਾਮ ਰਾਇ ਹੁਣ ਗੁਰੂ ਨਾਨਕ ਦੇਵ ਜੀ ਦੇ ਅਸੂਲਾਂ ਦੀ ਰਖਿਆ ਅਤੇ ਪ੍ਰਚਾਰ ਦੀ ਜ਼ਿੰਮੇਵਾਰੀ ਸੰਭਾਲਣ ਦੇ ਯੋਗ ਨਹੀਂ ਰਹੇ। ਗੁਰੂ ਹਰਿ ਰਾਇ ਜੀ ਨੇ ਰਾਮ ਰਾਇ ਨੂੰ ਕਹਿਲਾ ਭੇਜਿਆ ਕਿ ਔਰੰਗਜ਼ੇਬ ਨਾਲ ਬਣਾਈ ਰੱਖਣ ਖ਼ਾਤਰ ਉਸਨੇ ਗੁਰੂ ਨਾਨਕ ਪਾਤਸ਼ਾਹ ਦੀ ਬਾਣੀ ਦਾ ਨਿਰਾਦਰ ਕੀਤਾ ਹੈ, ਉਹ ਹੁਣ ਸਾਡੇ ਮੱਥੇ ਨਾ ਲੱਗੇ, ਜਿਧਰ ਮੂੰਹ ਹੈ ਉੱਧਰ ਹੀ ਚਲਾ ਜਾਵੇ।

### *ਰਾਮ ਰਾਇ ਦੇਹਰਾਦੂਨ ਵਿਚ*

ਔਰੰਗਜ਼ੇਬ ਨੇ ਰਾਮ ਰਾਇ ਨੂੰ ਖ਼ੁਸ਼ ਹੋ ਕੇ "ਦੂਨ" ਦੇ ਸੱਤ ਪਿੰਡਾਂ ਦਾ ਇਲਾਕਾ ਜਾਗੀਰ ਵਜੋਂ ਦੇ ਦਿੱਤਾ। ਰਾਮ ਰਾਇ ਨੇ ਉਥੇ ਆਪਣਾ ਡੇਰਾ ਸਥਾਪਤ ਕਰ ਲਿਆ। ਉਸ ਨੇ ਬੜੀ ਕੋਸ਼ਿਸ਼ ਕੀਤੀ ਕਿ ਮਸੰਦਾਂ ਤੇ ਸੰਗਤਾਂ ਨੂੰ ਆਪਣੇ ਨਾਲ ਰਲਾ ਕੇ ਗੁਰੂ ਹੋਣ ਦਾ ਐਲਾਨ ਕਰੇ ਪਰ ਗੁਰੂ ਜੀ ਨੇ ਹੁਕਮਨਾਮੇ ਭੇਜ ਕੇ ਸੰਗਤਾਂ ਨੂੰ ਉਸ ਨੂੰ ਮੂੰਹ ਨਾ ਲਾਉਣ ਦਾ ਹੁਕਮ ਕੀਤਾ ਤੇ ਸਭ ਨੂੰ ਕੀਰਤਪੁਰ ਪੁੱਜਣ ਲਈ ਲਿਖਿਆ।

### *ਜੋਤੀ ਜੋਤਿ ਸਮਾਉਣਾ*

ਰਾਮ ਰਾਇ ਨੂੰ ਗੁਰਗੱਦੀ ਦੇ ਯੋਗ ਨਾ ਜਾਣ ਕੇ ਗੁਰੂ ਹਰਿ ਰਾਇ ਜੀ ਨੇ ਗੁਰਗੱਦੀ ਦੀ ਜ਼ਿੰਮੇਵਾਰੀ ਆਪਣੇ ਛੋਟੇ ਸਪੁੱਤਰ (ਗੁਰੂ) ਹਰਿ ਕ੍ਰਿਸ਼ਨ ਨੂੰ ਦੇਣ ਦਾ ਫੈਸਲਾ ਕੀਤਾ।

(ਗੁਰੂ) ਹਰਿ ਕ੍ਰਿਸ਼ਨ ਜੀ ਦੀ ਵਿਦਿਆ ਤੇ ਸਿਖਲਾਈ ਦਾ ਖਾਸ ਪ੍ਰਬੰਧ ਕੀਤਾ ਗਿਆ ਸੀ।

ਸਾਰੀ ਸੰਗਤ ਦੇ ਕੀਰਤਪੁਰ ਪੁੱਜਣ ਤੇ ਸੰਗਤਾਂ ਦੇ ਇਕੱਠ ਨੂੰ ਉਪਦੇਸ਼ ਦੇ ਕੇ ਸਭ ਦੇ ਸਾਹਮਣੇ ਹੀ ਆਪਣੇ ਛੋਟੇ ਸਾਹਿਬਜ਼ਾਦੇ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਮੱਥਾ ਟੇਕ ਕੇ ਉਨ੍ਹਾਂ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਸੰਭਾਲ ਦਿੱਤੀ।

ਗੁਰੂ ਹਰਿ ਰਾਇ ਜੀ 6 ਅਕਤੂਬਰ 1661 ਨੂੰ ਕੀਰਤਪੁਰ ਵਿਖੇ ਜੋਤੀ ਜੋਤਿ ਸਮਾ ਗਏ।

ਆਪ ਜੀ ਦੀ ਸੰਸਾਰਕ ਯਾਤਰਾ 31 ਸਾਲ 8 ਮਹੀਨੇ ਤੇ 22 ਦਿਨ ਰਹੀ।

# ਕੀਰਤਪੁਰ ਦੇ ਗੁਰਦੁਆਰੇ

ਭਾਈ ਕਾਨ੍ਹ ਸਿੰਘ ਨਾਭਾ ਜੀ ਦੇ "ਮਹਾਨ ਕੋਸ਼" ਅਨੁਸਾਰ ਹੇਠ ਲਿਖੇ ਅਸਥਾਨ ਗੁਰੂ ਹਰਿ ਰਾਇ ਜੀ ਨਾਲ ਸੰਬੰਧਿਤ ਹਨ।

1. ਗੁਰਦੁਆਰਾ ਸ਼ੀਸ਼ ਮਹਿਲ ਸਾਹਿਬ : ਇਹ ਅਸਥਾਨ ਸਤਿਗੁਰਾਂ ਦਾ ਨਿਵਾਸ ਅਸਥਾਨ ਰਿਹਾ ਹੈ। ਆਬਾਦੀ ਦੇ ਬਿਲਕੁਲ ਮੱਧ ਵਿਚ ਹੈ। ਇਸ ਮਹੱਲ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਸੰਨ 1635 ਵਿਚ ਆਏ ਤੇ ਅਖੀਰ ਤੱਕ ਇਥੇ ਹੀ ਰਹੇ। ਗੁਰੂ ਹਰਿ ਰਾਇ ਜੀ ਤੇ ਗੁਰੂ ਹਰਿ ਕ੍ਰਿਸ਼ਨ ਸਾਹਿਬ ਦਾ ਜਨਮ ਵੀ ਇਥੇ ਹੀ ਹੋਇਆ।
2. ਗੁਰਦੁਆਰਾ ਹਰਿਮੰਦਰ ਸਾਹਿਬ : ਇਹ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਨਿਵਾਸ ਅਸਥਾਨ ਹੈ।
3. ਗੁਰੂ ਕਾ ਖੂਹ : ਇਹ ਖੂਹ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਲਗਵਾਇਆ ਹੋਇਆ ਹੈ।
4. ਗੁਰਦੁਆਰਾ ਚਰਨ ਕੰਵਲ ਸਾਹਿਬ : ਇਹ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਸੰਬੰਧਿਤ ਗੁਰਦੁਆਰਾ ਹੈ। ਇਧਰ ਦੀ ਯਾਤਰਾ ਸਮੇਂ ਗੁਰੂ ਨਾਨਕ ਦੇਵ ਜੀ ਇਥੇ ਆਏ ਸਨ। ਸਾਈਂ ਬੁੱਢਣ ਸ਼ਾਹ ਨਾਲ ਇਥੇ ਹੀ ਮੇਲ ਹੋਇਆ ਸੀ ਤੇ ਉਸਨੂੰ ਉਪਦੇਸ਼ ਕੀਤਾ ਸੀ।
5. ਗੁਰਦੁਆਰਾ ਚੁਬੱਚਾ ਸਾਹਿਬ : ਇਹ ਗੁਰੂ ਹਰਿ ਰਾਇ ਸਾਹਿਬ ਜੀ ਦਾ ਗੁਰਦੁਆਰਾ ਹੈ। ਇਥੇ ਹੀ ਇਕ ਵੱਡੇ ਚੁਬੱਚੇ ਵਿਚ ਘੋੜਿਆਂ ਲਈ ਦਾਣਾ ਭਿਉਂ ਕੇ ਗੁਰੂ ਸਾਹਿਬ ਕਈ ਵਾਰੀ ਆਪਣੇ ਹੱਥੀਂ ਘੋੜਿਆਂ ਨੂੰ ਵਰਤਾਇਆ ਕਰਦੇ ਸਨ।
6. ਗੁਰਦੁਆਰਾ ਸ੍ਰੀ ਕੋਟ ਸਾਹਿਬ : ਇਸ ਅਸਥਾਨ ਤੇ ਗੁਰੂ ਹਰਿ ਰਾਇ ਜੀ ਅਤੇ ਸ੍ਰੀ ਗੁਰੂ ਹਰਿ ਕ੍ਰਿਸ਼ਨ ਜੀ ਨੂੰ ਗੁਰਿਆਈ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ।
7. ਗੁਰਦੁਆਰਾ ਤੀਰ ਸਾਹਿਬ : ਇਹ ਗੁਰੂ ਹਰਿਗੋਬਿੰਦ ਜੀ ਨਾਲ ਸੰਬੰਧਿਤ ਅਸਥਾਨ ਹੈ। ਇਥੇ ਗੁਰੂ ਸਾਹਿਬ ਬੈਠ ਕੇ ਤੀਰ ਚਲਾਇਆ ਕਰਦੇ ਸਨ। ਇਹ ਕੀਰਤਪੁਰ ਤੋਂ ਦੱਖਣ ਵੱਲ ਅੱਧਾ ਮੀਲ ਦੂਰ ਬਾਬਾ ਗੁਰਦਿੱਤਾ ਜੀ ਦੇ ਦੇਹੁਰੇ ਕੋਲ ਹੈ।
8. ਗੁਰਦੁਆਰਾ ਦਮਦਮਾ ਸਾਹਿਬ : ਇਹ ਅਸਥਾਨ ਹਰਿਮੰਦਰ ਸਾਹਿਬ ਦੇ ਨਾਲ ਹੀ ਗੁਰੂ ਹਰਿ ਰਾਇ ਸਾਹਿਬ ਜੀ ਦਾ ਗੁਰਦੁਆਰਾ ਹੈ। ਇਥੇ ਗੁਰੂ ਜੀ ਦੀਵਾਨ ਸਜਾਇਆ ਕਰਦੇ ਸਨ।
9. ਗੁਰਦੁਆਰਾ ਬਾਬਾ ਗੁਰਦਿੱਤਾ ਜੀ : ਇਸ ਅਸਥਾਨ ਤੇ ਬਾਬਾ ਗੁਰਦਿੱਤਾ ਜੀ ਦਾ ਸਸਕਾਰ ਹੋਇਆ ਹੈ। ਇਹ ਕੀਰਤਪੁਰ ਤੋਂ ਦੱਖਣ ਵੱਲ ਅੱਧੇ ਮੀਲ ਤੇ ਹੈ।
10. ਸਾਈਂ ਬੁੱਢਣਸ਼ਾਹ ਜੀ ਦਾ ਤਕੀਆ : ਇਹ ਸਾਈਂ ਬੁੱਢਣਸ਼ਾਹ ਦਾ ਤਕੀਆ ਹੈ। ਇਸ ਅਸਥਾਨ ਤੇ ਗੁਰੂ ਨਾਨਕ ਦੇਵ ਜੀ ਅਤੇ ਬਾਬਾ ਗੁਰਦਿੱਤਾ ਜੀ ਦੇ ਚਰਨ ਪਏ ਹਨ। ਇਹ ਅਸਥਾਨ ਕੀਰਤਪੁਰ ਦੇ ਦੱਖਣ ਵੱਲ ਅੱਧਾ ਮੀਲ ਦੂਰ ਗੁਰਦਿੱਤਾ

ਜੀ ਦੇ ਦੇਹੁਰੇ ਪਾਸ ਹੈ।

11. ਗੁਰਦੁਆਰਾ ਪਤਾਲਪੁਰੀ ਸਾਹਿਬ : ਇਸ ਅਸਥਾਨ ਤੇ ਗੁਰੂ ਹਰਿਗੋਬਿੰਦ ਜੀ ਅਤੇ ਗੁਰੂ ਹਰਿ ਰਾਇ ਜੀ ਦਾ ਦੇਹੁਰਾ ਹੈ। ਇਹ ਅਸਥਾਨ ਕੀਰਤਪੁਰ ਤੋਂ ਦੋ ਫਰਲਾਂਗ ਦੂਰ ਸਤਲੁਜ ਦੇ ਕਿਨਾਰੇ ਹੈ। ਇਥੇ ਸ੍ਰੀ ਗੁਰੂ ਹਰਿਗੋਬਿੰਦ ਜੀ ਦੀ ਯਾਦਗਾਰ ਵਿਚ ਕੇਵਲ ਮੰਜੀ ਸਾਹਿਬ ਬਣੇ ਹੋਏ ਹਨ, ਪਰ ਗੁਰੂ ਹਰਿ ਰਾਇ ਜੀ ਦਾ ਦੇਹੁਰਾ ਵੱਡਾ ਉੱਚਾ ਸੁਨਹਿਰੀ ਕਲਸ ਵਾਲਾ ਹੈ।
12. ਗੁਰਦੁਆਰਾ ਬਿਬਾਣਗੜ੍ਹ ਸਾਹਿਬ : ਇਹ ਉਹ ਅਸਥਾਨ ਹੈ ਜਿਥੇ ਦਿੱਲੀ ਤੋਂ ਲਿਆਇਆ ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਸੀਸ ਟਿਕਾਇਆ ਗਿਆ ਸੀ। ਇਸੇ ਅਸਥਾਨ ਤੋਂ ਉਸ ਨੂੰ ਵਿਮਾਨ (ਪਾਲਕੀ) ਵਿਚ ਰੱਖ ਕੇ ਗੁਰੂ ਗੋਬਿੰਦ ਸਿੰਘ ਜੀ ਸੰਗਤਾਂ ਸਮੇਤ ਸ਼ਬਦ ਗਾਇਨ ਕਰਦੇ ਹੋਏ ਅਨੰਦਪੁਰ ਸਾਹਿਬ ਲੈ ਗਏ ਸਨ।
13. ਗੁਰਦੁਆਰਾ ਮੰਜੀ ਸਾਹਿਬ : ਇਥੇ ਛੇਵੇਂ ਪਾਤਸ਼ਾਹ ਦੇ ਸਮੇਂ ਦੀ ਇਕ ਇਤਿਹਾਸਕ ਮੰਜੀ ਹੁਣ ਤੱਕ ਮੌਜੂਦ ਹੈ। ਇਥੇ ਇਕ ਪੋਥੀ ਬੀਬੀ ਰੂਪ ਕੌਰ (ਗੁਰੂ ਹਰਿ ਰਾਇ ਜੀ ਦੀ ਪਾਲਿਤ ਪੁੱਤਰੀ) ਦੀ ਲਿਖੀ ਹੋਈ, ਇਕ ਪੱਖਾ ਬੀਬੀ ਵੀਰੋ ਜੀ ਦੇ ਹੱਥ ਦਾ ਬਣਿਆ ਹੋਇਆ ਤੇ ਇਕ ਸੇਲੀ ਟੋਪੀ ਪਈ ਹੈ।